੧ਓ ਸਤਿਗੁਰ ਪ੍ਰਸਾਦਿ ॥

# ਸ੍ਰੀ ਨਨਕਾਣਾ ਸਾਹਿਬ ਪੰਥਕ ਹੱਥਾਂ ਵਿੱਚ

❖

## ਮਾਰਚ 2000

ਇਹ ਟਰੈਕਟ ਧਰਮ ਪ੍ਰਚਾਰ ਅਤੇ ਨਿਸ਼ਕਾਮ ਸੇਵਾ ਦੀ ਭਾਵਨਾ ਨੂੰ ਸਿੱਖ ਜ਼ਗਤ ਵਿੱਚ ਪ੍ਰਪੱਕ ਕਰਾਉਣ ਦੇ ਮਨੋਰਥ ਨਾਲ ਪ੍ਰਕਾਸ਼ਤ ਕਰਕੇ, ਲੜੀਵਾਰ, ਭੇਟਾ ਰਹਿਤ, ਵੰਡਿਆ ਜਾ ਰਿਹਾ ਹੈ

ਪ੍ਰਕਾਸ਼ਕ

**ਸ੍ਰੀ ਗੁਰੂ ਸਿੰਘ ਸਭਾ (ਰਜਿ:)**

ਕਰਤਾਰ ਸਿੰਘ ਸਰਾਭਾ ਨਗਰ ਲੁਧਿਆਣਾ ।

Sri Satguru Jagjit Singh Ji eLibrary NamdhariElibrary@gmail.com

# ਇਕ ਅਜੀਬ ਲਾਲੀ

ਗੁਰ ਗੋਬਿੰਦ ਸਿੰਘ ਜੀ ਨੇ ਗੁਰਗੱਦੀ ਤੇ ਬੈਠਦੇ ਸਾਰ ਵੀਚਾਰ ਕੀਤੀ ਕਿ ਉਹ ਕਿਹੜੀ ਕਮਜ਼ੋਰੀ ਹੈ ਜਿਸ ਦੇ ਸਾਹਮਣੇ ਇਜ਼ਤ ਲੁਟਦੀ ਦੇਖ ਚੁਪ ਕੱਟੀ ਕੀਤੀ ਜਾਂਦੀ ? ਉਹ ਕਿਹੜਾ ਕੀੜਾ ਹੈ ਜਿਸ ਨੇ ਜੜ੍ਹ ਨੂੰ ਹੀ ਪੀਸ ਰਖਿਆ ਹੈ ਤੇ ਘੁੰਣ ਵਾਂਗੂ ਖਾ ਮੁਕਾਇਆ ਹੈ ? ਉਹ ਕਿਹੜਾ ਜ਼ਹਿਰੀਲਾ ਸੱਪ ਹੈ ਜਿਸ ਨੇ ਐਸਾ ਡਸਿਆ ਹੈ ਕਿ ਸਾਰੀ ਮਨੁੱਖਤਾ ਹੀ ਨਿਢਾਲ ਹੋ ਡਿੱਗੀ ਹੈ ? ਜਦੋਂ ਉਹ ਬੀਮਾਰੀ ਲਭੀ ਤਾਂ ਗੁਰੂ ਜੀ ਨੇ ਐਸੀ ਕਿਰਪਾ ਕੀਤੀ ਕਿ ਉਹ 'ਸਰਦਾਰ' ਬਣ ਗਿਆ। ਨਵੀ ਸਭਯਤਾ ' ਨੇ ਅਨੰਦਪੁਰ ਸਾਹਿਬ ਵਿਚ ਜਨਮ ਲੈ ਲਿਆ। ਅਸਰ ਇਹ ਹੋਇਆ ਕਿ ਜੋ ਮਨੁੱਖ ਪਹਿਲੇ ਤੱਤੇ ਥਾਂ ਪੈਰ ਰੱਖਣ ਤੋਂ ਵੀ ਝਿਜਕਦਾ ਸੀ, ਉਹ ਬਲਦੀਆਂ ਅੱਗਾਂ ਵਿਚ ਕੁੱਦਣ ਲਗ ਪਿਆ। ਇਕ ਅਜੀਬ ਜਿਹੀ ਲਾਲੀ ਇਸ ਦੇ ਮੁਖੜੇ ਉਤੇ ਹੋਲੇ ਮਹੱਲੇ ਨੇ ਚਾੜ੍ਹ ਦਿਤੀ। ਜੰਗਾਂ ਜੁੱਧਾਂ ਵਿਚ ਚਾਅ ਨਾਲ ਹਿੱਸਾ ਲੈਣ ਲੱਗਾ। ਨਗਾਰੇ ਦੀ ਚੋਟ ਉਤੇ ਇਸ ਨੇ ਗੱਲ ਕਹਿਣ ਦਾ ਸੁਭਾਅ ਬਣਾ ਲਿਆ। ਇਸ ਮਨੁੱਖ ਨੇ ਆਪਣੇ ਅਸਲੇ ਨੂੰ ਪਛਾਣ ਲਿਆ। ਕਿੰਨੀ ਲਾਲੀ ਚੜ੍ਹੀ, ਕਿੰਨੀ ਜੁਰਅਤ ਆਈ, ਉਸ ਦਾ ਅਨੁਮਾਣ ਸਮਕਾਲੀ ਇਤਿਹਾਸ ਤੋਂ ਲਗਾਇਆ ਜਾ ਸਕਦਾ ਹੈ :

11 ਨਵੰਬਰ 1675 ਨੂੰ ਚਾਂਦਨੀ ਚੌਂਕ ਵਿਚੋਂ ਕੋਈ ਆਪਣੇ ਇਸ਼ਟ-ਗੁਰੂ ਦਾ ਪਵਿੱਤਰ ਸੀਸ ਤੇ ਧੜ ਦਿਨ ਦੀਵੀ ਚੁਕਣ ਲਈ ਤਿਆਰ ਨਹੀਂ ਹੁੰਦਾ ਪਰ ਅਗਲੇ ਹੀ ਸਾਲ 8 ਜੁਲਾਈ ਨੂੰ ਇਕ ਸਿੱਖ ਨੇ ਲਕੜ ਦਾ ਡੰਡਾ ਔਰੰਗਜ਼ੇਬ ਨੂੰ ਫਤਹਿਪੁਰੀ ਤੋਂ ਆਉਂਦੇ ਨੂੰ ਵਗਾਹ ਮਾਰਿਆ। ਡੰਡਾਂ ਉਸ ਦੇ ਛਤਰ ਦੇ ਅਗਲੇ ਹਿਸੇ ਵਿਚ ਜਾ ਵੱਜਾ ਉਸ ਸਿੱਖ ਨੂੰ ਪਕੜ ਲਿਆ ਗਿਆ। 28 ਅਗਸਤ ਉਸੇ ਸਾਲ ਔਰੰਗਜ਼ੇਬ ਚਾਂਦਨੀ ਚੌਕ ਦੀ ਮਸਜਦ ਪੁੱਜਾ ਹੀ ਸੀ ਕਿ ਇਕ ਸਿੱਖ ਨੇ ਪੱਥਰ ਮਾਰੇ। ਉਹ ਸਿੱਖ ਸ਼ਹੀਦ ਕਰ ਦਿਤਾ ਗਿਆ। ਦੋ ਮਹੀਨੇ ਬਾਅਦ 30 ਅਕਤੂਬਰ ਨੂੰ ਬਾਦਸ਼ਾਹ ਜੁਮੇ ਦੀ ਨਮਾਜ਼ ਜਾਮਾ ਮਸਜਦ ਵਿਚ ਅਦਾ ਕਰਕੇ ਜਮਨਾ ਵਿਚ ਬੇੜੀ ਉਤੇ ਪੈਰ ਰਖਣ ਹੀ ਲਗਾ ਸੀ ਕਿ ਇਕ ਸਿੱਖ ਦੌੜ ਕੇ, ਨੰਗੀ ਤਲਵਾਰ ਕੱਢ ਕੇ ਔਰੰਗਜ਼ੇਬ ਦੇ ਲਾਗੇ ਆ ਗਿਆ ਪਰ ਅੰਗ-ਰਖਸ਼ਾਂ ਨੇ ਬਚਾ ਲਿਆ। ਇਹ ਸੀ ਨਿਰਾਲੀ ਜੁਰਅਤ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਹੋਲੇ ਨੇ ਭਰੀ। ਇਸੇ ਉਤਸ਼ਾਹ ਦਾ ਸਦਕਾ ਸੰਸਾਰ ਦੇ ਮੁੱਖ ਉਤੇ ਨਵੀਂ ਲਾਲੀ ਆਈ।

ਕ੍ਰਿਤ : ਅਵਤਾਰ ਸਿੰਘ ਗਿੱਲ

Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਸ੍ਰੀ ਨਨਕਾਣਾ ਸਾਹਿਬ ਪੰਥਕ ਹੱਥਾਂ ਵਿਚ

ਸ਼ਹੀਦੀ ਸਾਕਾ ਅੰਤ ਆਪਣਾ ਰੰਗ ਲਿਆਇਆ । ਮਹੰਤ ਨਰੈਣ ਦਾਸ ਤੇ ਹੋਰਾਂ ਵਿਰੁੱਧ ਕੇਸ ਦਰਜ ਹੋ ਗਿਆ । ਪੰਜਾਬ ਸਰਕਾਰ ਨੇ ਹਿੰਦ ਸਰਕਾਰ ਤੋਂ ਡੇਵਿਡ ਪੈਟਰੀ ਨਾਮੀ ਡੀ. ਆਈ. ਜੀ. ਪੁਲਿਸ ਜੋ ਕੇਂਦਰੀ ਜਸੂਸੀ ਵਿਭਾਗ ਦਾ ਮਾਹਿਰ ਅਫ਼ਸਰ ਸੀ, ਦੀਆਂ ਸੇਵਾਵਾਂ ਦੀ ਮੰਗ ਕੀਤੀ । ਇਸ ਚਲਾਕ ਅਫ਼ਸਰ ਨੇ ਪਿੱਛੇ ਬਹਿ ਕੇ ਮਹੰਤ ਨਰੈਣ ਦਾਸ ਤੇ ਉਸ ਦੇ ਖਰੀਦੇ ਬਦਮਾਸ਼ਾਂ ਵਿਰੁੱਧ ਮੁਕੱਦਮੇ ਨੂੰ ਖੁਰਦ-ਬੁਰਦ ਕਰਨਾ ਆਰੰਭ ਕਰ ਦਿੱਤਾ । ਸਿੱਧਾ ਸਰਕਾਰੀ ਦਖਲ ਦੇਖ ਕੇ ਅਕਾਲੀਆਂ ਦੀ ਦਿਲਚਸਪੀ ਮੁਕੱਦਮੇ ਵਿਚੋਂ ਜਾਂਦੀ ਰਹੀ ਅਤੇ ਉਨ੍ਹਾਂ ਵੱਲੋਂ ਮੁਕੱਦਮੇ ਦਾ ਬਾਈਕਾਟ ਕਰ ਦਿੱਤਾ ਗਿਆ । ਉਧੱਰ ਲੱਗਭਗ 100 ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਜਿਨ੍ਹਾਂ ਉਤੇ ਡਾਕੇ ਮਾਰਨ, ਘਰ ਭੰਨਣ ਤੇ ਬੇਕਾਨੂੰਨ ਇਕੱਠਾਂ ਆਦਿ ਦੇ ਮੈਂਬਰ ਹੋਣ ਦੇ ਨਿਰਮੂਲ ਦੋਸ਼ ਲਾਏ ਗਏ । 15 ਮਾਰਚ 1921 ਤੋਂ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ । ਕਰਤਾਰ ਸਿੰਘ ਝੱਬਰ ਅੰਗਰੇਜ਼ਾਂ ਨੂੰ ਸਭ ਤੋਂ ਵੱਧ ਰੜਕਦਾ ਸੀ ਕਿਉਂਕਿ ਉਸੇ ਦੀ ਜਥੇਦਾਰੀ ਹੇਠ ਗੁਰਦੁਆਰਾ ਸਾਹਿਬ ਉਤੇ ਕਬਜ਼ਾ ਕੀਤਾ ਗਿਆ ਸੀ । ਉਹਨਾਂ ਤੇ ਉਹਨਾਂ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ । ਪੰਜਾਬ ਦੇ ਹੋਰ ਸਥਾਨਾਂ ' ਤੇ ਸਿੰਘਾਂ ਨੂੰ ਗੁਰਦੁਆਰਿਆਂ ਵੱਲ ਜਾਣ ਤੋਂ ਰੋਕਣਾ ਸ਼ੁਰੂ ਕਰ ਦਿੱਤਾ ਗਿਆ ਜਿਸ ਨਾਲ ਸਿੱਖਾਂ ਵਿਚ ਜੋਸ਼ ਤੇ ਰੋਸ ਹੋਰ ਵਧ ਗਿਆ। ਸਿੱਖਾਂ ਵਿਰੁੱਧ ਮੁਕੱਦਮੇ ਦੀ ਸੁਣਵਾਈ ਸ਼ੁਰੂ ਹੋ ਗਈ । ਜੇ. ਈ. ਕਿਊ ਸਪੈਸ਼ਲ ਐਡੀਸ਼ਨਲ ਮੈਜਿਸਟਰੇਟ ਲਾਹੌਰ ਦੇ ਪਾਸ ਕੇਸ ਵਾਰੋ-ਵਾਰੀ ਪੇਸ਼ ਹੋਏ ।

ਪਹਿਲਾ ਮੁਕੱਦਮੇ ਜਥੇਦਾਰ ਤੇਜਾ ਸਿੰਘ ਭੁੱਚਰ ਆਦਿ ਦਾ ਪੇਸ਼ ਹੋਇਆ ਤੇ ਉਸ ਨੂੰ 5 ਸਾਲ ਕੈਦ ਸਖ਼ਤ (3 ਮਹੀਨੇ ਕੋਠੀ ਬੰਦ) ਡਾਕੇ ਦੇ ਦੋਸ਼ ਵਿਚ ਅਤੇ ਦੋ ਸਾਲ ਕੈਦ ਸਖ਼ਤ ਘਰ ਵਿਚ ਦਿੱਤੀ ਗਈ ਅਤੇ ਕੁੱਲ ਦੰਡ ਸੱਤ ਸਾਲ ਭੁਗਤਣ ਦਾ ਆਦੇਸ਼ ਦਿੱਤਾ । ਬਾਕੀਆਂ ਨੂੰ 3-3 ਜਾਂ 4-4 ਸਾਲ ਦੀ ਸਖ਼ਤ ਕੈਦ ਸੁਣਾਈ ਗਈ ।

ਦੂਜਾ ਮੁਦੱਦਮਾ 11 ਅਪ੍ਰੈਲ 1921 ਨੂੰ ਅਕਾਲੀਆਂ ਦੇ ਵਿਰੁੱਧ ਪੇਸ਼ ਹੋਇਆ ਅਤੇ ਲਾਹੌਰਾ ਸਿੰਘ ਨੂੰ 8 ਸਾਲ, 3 ਹੋਰ ਅਕਾਲੀਆਂ ਨੂੰ 6-6 ਸਾਲ ਅਤੇ 16 ਹੋਰ ਨੂੰ 2-2 ਸਾਲ ਸਖ਼ਤ ਕੈਦ ਦਾ ਦੰਡ ਦਿੱਤਾ ਗਿਆ ।

ਤੀਜਾ ਕੇਸ ਕਰਤਾਰ ਸਿੰਘ ਝੱਬਰ ਆਦਿ ਵਿਰੁੱਧ ਪੇਸ਼ ਹੋਇਆ ਜਿਸ ਵਿਰੁੱਧ ਗੁਰਦੁਆਰਿਆਂ ਉਤੇ ਡਾਕਾ ਮਾਰਨ ਆਦਿ ਦੀਆਂ ਬਹੁਤ ਸਾਰੀਆਂ ਧਾਰਾਵਾਂ ਥੱਲੇ ਕੇਸ ਚਲਾਇਆ ਗਿਆ । ਉਸ ਉਤੇ ਹੋਰ ਵੀ ਬਹੁਤ ਸਾਰੇ ਮੁਕੱਦਮੇ ਚੱਲੇ ਤੇ ਕੁੱਲ ਸਜ਼ਾ 18 ਸਾਲ ਸਖਤ ਕੈਦ ਦਿੱਤੀ ਗਈ । ਬਾਕੀ ਅਕਾਲੀਆਂ ਨੂੰ ਵੀ ਕਰੜੀਆਂ ਸਜ਼ਾਵਾਂ ਦਿੱਤੀਆਂ ਗਈਆਂ । ਇਹ ਸਜ਼ਾਵਾਂ ਦੇਣੀਆਂ ਸਾਮਰਾਜੀ ਜੱਜਾ ਦੀ ਬੇਇਨਸਾਫ਼ੀ ਦੀ ਮੂੰਹ-ਬੋਲਦੀ ਮਿਸਾਲ ਸੀ ।

ਨੇਕੀ ਬਦੀ ਦੀ ਲੜਾਈ : ਪੰਥਕ ਆਗੂਆਂ ਨੇ ਹੁਣ ਆਪਣੇ ਸੁਤੰਤਰ ਕਰਵਾਏ ਗੁਰਦੁਆਰਾ ਸਾਹਿਬਾਨ ਤੇ ਉਨ੍ਹਾਂ ਦੇ ਨਾਲ ਲੱਗੀ ਕਰੋੜਾਂ ਰੁਪਏ ਦੀ ਜਾਇਦਾਦ ਨੂੰ ਸੰਭਾਲਣ ਵੱਲ ਧਿਆਨ ਦੇਣ ਦੀ ਸੋਚੀ । ਸ: ਨਾਰਾਇਣ ਸਿੰਘ ਬੈਰਿਸਟਰ (ਮਿੱਠੇ ਟਿਵਾਣੇ ਵਾਲੇ) ਨੂੰ ਸ੍ਰੀ ਨਨਕਾਣਾ ਸਾਹਿਬ ਗੁਰਦੁਆਰੇ ਦਾ ਪ੍ਰਬੰਧਕ ਥਾਪਿਆ ਗਿਆ । 24 ਪਿੰਡਾਂ ਵਿੱਚ ਖਿਲਰੀ ਸ੍ਰੀ ਨਨਕਾਣਾ ਸਾਹਿਬ ਅਸਟੇਟ ਦੀ ਜ਼ਮੀਨ 17675 ਕਿੱਲੇ ਸੀ ਜਿਸ ਵਿਚ ਸ੍ਰੀ ਨਨਕਾਣਾ ਸਾਹਿਬ ਦਾ ਸਾਰਾ ਕਸਬਾ ਵੀ ਸ਼ਾਮਿਲ ਸੀ । ਇਸ ਧਰਤੀ ਵਿਚੋਂ ਹੀ 5 ਮੀਲ ਲੰਬੀ ਰੇਲ ਦੀ ਲਾਈਨ ਵੀ ਲੰਘਦੀ ਸੀ । ਇਸ ਸਾਰੇ ਪ੍ਰਬੰਧ ਤੇ ਜਾਇਦਾਦ ਸੰਬੰਧੀ ਕਈ ਔਕੜਾਂ ਆਈਆਂ, ਪਰ ਹੌਲੀ



Sri Satguru Jagjit Singh Ji eLibrary NamdhariElibrary@gmail.com

ਹੌਲੀ ਪ੍ਰਬੰਧ ਠੀਕ ਹੁੰਦਾ ਗਿਆ । ਐਨੀ ਵੱਡੀ ਗਿਣਤੀ ਵਿਚ ਨਿਹੱਥੇ ਧਰਮੀ ਸਿੰਘਾਂ ਦੇ ਕਤਲਾਮ ਦੀ ਖਬਰ ਨਾਲ ਲੱਖਾਂ ਸਿੱਖ ਸ਼ੋਕ ਤੇ ਗੁੱਸੇ ਨਾਲ ਭਰੇ-ਪੀਤੇ ਦੂਰ ਨੇੜੇ ਤੋਂ ਵਹੀਰਾਂ ਪਾ ਸ੍ਰੀ ਨਨਕਾਣਾ ਸਾਹਿਬ ਪੁੱਜ ਗਏ । ਇਸ ਕਾਰਣ ਉਥੋਂ ਦੇ ਲੋਕੀਂ ਸੁਭਾਵਕ ਤੌਰ ' ਤੇ ਡਰ ਗਏ ਤੇ ਘਰ-ਘਾਟ ਛੱਡ ਕੇ ਹੀ ਤਿੱਤਰ ਹੋ ਗਏ । ਕਈ ਮਕਾਨਾਂ ਦੇ ਜਿੰਦਰੇ ਖੁੱਲ੍ਹੇ ਪਏ ਸਨ; ਕਈਆਂ ਘਰਾਂ ਅੰਦਰ ਭੁੱਖੀਆਂ ਤਿਹਾਈਆਂ ਮੱਝਾਂ ਤੇ ਗਾਵਾਂ ਅੜਾ ਰਹੀਆਂ ਸਨ ।

ਸ: ਨਾਰਾਇਣ ਸਿੰਘ ਮੈਨੇਜਰ ਆਪਣੇ ਨਾਲ ਮੀਤ ਮੈਨੇਜਰ (ਸਵਰਗਵਾਸੀ ) ਸ: ਬੂਟਾ ਸਿੰਘ ਚੱਕ ਨੰਬਰ 204 ਅਤੇ ਹੋਰ ਮੈਂਬਰਾਂ ਨੂੰ ਲੈ ਕੇ ਸਾਰੀ ਅਬਾਦੀ ਵਿਚ ਗਏ । ਸੁੰਨੇ ਮਕਾਨਾਂ ਦੀ ਰਖਵਾਲੀ ਕੀਤੀ, ਡੰਗਰਾਂ ਨੂੰ ਪੱਠੇ ਪੁਆਏ ਤੇ ਪਾਣੀ ਪਿਲਾਇਆ । ਸੁੰਞੀਆਂ ਚੀਜ਼ਾਂ, ਜੇਵਰ, ਬਰਤਨ, ਪੁਸਤਕਾਂ ਆਦਿ ਚੁਕਵਾ ਕੇ ਦਫਤਰ ਦੇ ਹੇਠਲਿਆਂ ਕਮਰਿਆਂ ਵਿਚ ਰਖਵਾਈਆਂ ਤੇ ਚਿੱਟਾਂ ਲਾ ਦਿਤੀਆਂ ਕਿ ਕਿਹੜੀ ਚੀਜ਼ ਕਿਥੋਂ ਮਿਲੀ ਤਾਂ ਕਿ ਮੁੜ ਆਏ ਲੋਕਾਂ ਨੂੰ ਵਾਪਸ ਕੀਤੀਆਂ ਜਾ ਸਕਣ । ਪਰ ਇਸ ਜਨ ਸੇਵਾ ਦਾ ਸਿੱਟਾ ਮਾੜਾ ਹੀ ਨਿਕਲਿਆ । ਕੁਛ ਦੇਰ ਬਾਦ ਅੰਗਰੇਜ਼ੀ ਸਰਕਾਰ ਦਾ ਵਤੀਰਾ ਅਕਾਲੀਆਂ ਪ੍ਰਤੀ ਬਦਲ ਗਿਆ ਅਤੇ ਉਨ੍ਹਾਂ ਦੀਆਂ ਥਾਂ ਥਾਂ ਗਿਫ੍ਰਤਾਰੀਆਂ ਨਾਲ ਭੱਜੇ ਹੋਏ ਬੰਦੇ ਫਿਰ ਆਪਣੇ ਆਪਣੇ ਘਰੀਂ ਪਰਤ ਆਏ । ਬਿਨਾਂ ਪੁੱਛਣ ਦੇ ਉਹ ਸਿੱਧੇ ਥਾਣੇ ਜਾਂਦੇ ਤੇ ਗੁਰਦੁਆਰਾ ਕਮੇਟੀ ਵਾਲਿਆਂ ਵਿਰੁੱਧ ਦੂਸ਼ਨ ਲਾਉਂਦੇ ਕਿ ਉਨ੍ਹਾਂ ਦਾ ਮਾਲ ਉਥੇ ਪਿਆ ਹੈ, ਜੋ ਚੋਰੀ ਦਾ ਹੈ । ਉਥੇ ਰਾਤ ਪੁਲਿਸ ਪਾਰਟੀ ਹਥਕੜੀਆਂ ਲੈ ਕੇ ਮੌਕੇ ' ਤੇ ਪੁੱਜ ਗਈ ਅਤੇ ਤਲਾਸ਼ੀ ਲੈਣੀ ਚਾਹੀ । ਹਾਲੇ ਕੁਝ ਦਿਨ ਪਹਿਲਾਂ ਹੀ ਜਥੇਦਾਰ ਕਰਤਾਰ ਸਿੰਘ ਝੱਬਰ, ਤੇਜਾ ਸਿੰਘ ਭੁੱਚਰ ਅਤੇ ਉਤਮ ਸਿੰਘ ਕਾਰਖਾਨੇ ਵਾਲੇ ਦੀਆਂ ਗਿਫ੍ਰਤਾਰੀਆਂ ਹੋ ਕੇ ਹੀ ਹਟੀਆਂ ਸਨ । ਹੁਣ ਇਉਂ ਪ੍ਰਤੀਤ ਹੋਣ ਲੱਗਾ ਕਿ ਸ. ਸ਼ਾਮ ਸਿੰਘ ਅਟਾਰੀ ਵਾਲੇ ਦੇ ਪੜਪੋਤੇ, ਸ. ਹਰਬੰਸ ਸਿੰਘ ਅਟਾਰੀ, ਪ੍ਰੋਫੈਸਰ ਤੇਜਾ ਸਿੰਘ ਅਤੇ ਮੈਨੇਜਰ ਆਦਿ ਨੂੰ ਭੀ ਜੇਲ੍ਹ ਭੇਜ ਦਿੱਤਾ ਜਾਵੇਗਾ ਅਤੇ ਉਹ ਭੀ ਚੋਰੀ ਦੇ ਕੇਸ ਵਿਚ । ਮੈਨੇਜਰ ਨੇ ਇਕ ਚਾਲ ਚੱਲੀ ਅਤੇ ਪੁਲਿਸ ਅਫ਼ਸਰ ਨੂੰ ਲਾਹੌਰ ਭੇਜ ਦਿੱਤਾ ਕਿ ਉਹ ਐਸ. ਪੀ. ਤੋਂ ਹੁਕਮ ਲੈ ਆਵੇ ਤੇ ਜਦ ਮਰਜ਼ੀ ਤਲਾਸ਼ੀ ਲੈ ਲਵੇ ਅਤੇ ਨਾਲ ਹੀ ਬਾਕੀ ਪੁਲਿਸ ਪਾਰਟੀ ਨੂੰ ਬਾਹਰ ਜਿੰਦਰਾ ਲਾ ਕੇ ਪਹਿਰਾ ਦੇਣ ਲਈ ਕਹਿ ਦਿੱਤਾ । ਰਾਤ ਦੇ ਹਨੇਰੇ ਵਿਚ ਡੁਰਲੀ ਜਥੇ ਦੇ ਜਥੇਦਾਰ ਵਸਾਵਾ ਸਿੰਘ ਨੇ ਆਪਣੇ ਪੁੱਤਰ ਤੇ ਸਿੰਘਣੀ ਨਾਲ ਰਲ ਕੇ ਸੰਨ੍ਹ-ਮਾਰ ਹਥਿਆਰਾਂ ਦੁਆਰਾ ਸੰਨ੍ਹ ਮਾਰ ਕੇ ਕੁੱਲ ਸਾਮਾਨ ਪਿਛਲੇ ਪਾਸੇ ਦੀ ਇੱਧਰ-ਉਧਰ ਕਰ ਦਿੱਤਾ ਤੇ ਅੰਦਰੋਂ ਕੰਧਾਂ ਲਿਪ-ਪੋਚ ਦਿੱਤੀਆਂ । ਸਵੇਰੇ ਜਦ ਤਾਲਾ ਖੋਲ੍ਹਿਆ ਤਾਂ ਅੰਦਰ ਖਾਲੀ ਸੀ । ਪੁਲਿਸ ਅਫਸਰ ਸ਼ਰਮਿੰਦਾ ਹੋ ਗਿਆ ਤੇ ਸ਼ਿਕਾਇਤ ਕਰਨ ਵਾਲੇ ਨਿਮੋ-ਝੂਣੇ ਹੋ ਗਏ ਪਰ ਮੈਨੇਜਰ ਨੇ ਪੁਲਿਸ ਇੰਸਪੈਕਟਰ ਨੂੰ ਸਾਫ਼ ਦੱਸ ਦਿੱਤਾ ਕਿ ਉਸ ਨੂੰ ਇਹ ਕੰਮ ਇਸ ਲਈ ਕਰਨਾ ਪਿਆ ਕਿ ਨੇਕੀ ਕਰਦੇ ਕਰਦੇ ਜੇਲ੍ਹ ਦੀ ਕੋਠੜੀ ਵਿਚ ਹੀ ਨਾ ਚਲੇ ਜਾਈਏ ।

## ਸਿੰਘਾਂ ਤੋਂ ਪਿੰਡ ਖਾਲੀ ਕਰਵਾਉਣਾ

ਸ਼ਹੀਦੀ ਸਾਕੇ ਵੇਲੇ ਦੇ ਇਕੱਠੇ ਹੋਏ ਲੱਖਾਂ ਸਿੰਘ ਹਾਲੀ ਤਕ ਇਸ ਪਵਿੱਤਰ ਧਰਤੀ ਨੂੰ ਛੱਡ ਕੇ ਵਾਪਸ ਘਰਾਂ ਨੂੰ ਪਰਤਣ ਲਈ ਤਿਆਰ ਨਹੀਂ ਸਨ । ਜਿਥੇ ਸਰਕਾਰ ਇਨ੍ਹਾਂ ਤੋਂ ਔਖੀ ਸੀ ਉਥੇ ਪ੍ਰਬੰਧਕ ਵੀ ਬਹੁਤ ਔਕੜਾਂ ਅਨੁਭਵ ਕਰ ਰਹੇ ਸਨ । ਮੈਨੇਜਰ ਦੀ ਸਲਾਹ ਨਾਲ, ਸਰਕਾਰ ਨੇ ਲਾਹੌਰ ਤਕ ਸਪੈਸ਼ਲ ਗੱਡੀਆਂ ਚਲਾਉਣੀਆਂ ਮੰਨ ਲਈਆਂ ਅਤੇ ਅੱਗੇ ਦਿੱਲੀ ਤੇ ਰਾਵਲਪਿੰਡੀ ਤਕ ਇਕ ਇਕ ਗੱਡੀ ਹਰ ਰੋਜ਼ ਚਲਾਉਣੀ ਮੰਨ ਲਈ । ਤਰਨ ਤਾਰਨ ਦੀ ਮੱਸਿਆ ਦੇ ਮੇਲੇ ਵਾਂਙ ਸਰਕਾਰ ਨੇ ਮਾਲ ਗੱਡੀਆਂ ਦੇ ਗੰਦੇ ਤੇ ਮੈਲੇ ਡੱਬੇ ਲਿਆ ਖੜ੍ਹਾਏ ਪਰ ਸਿੰਘਾਂ ਨੇ ਇਸ ਨੂੰ ਅਪਮਾਨ-ਜਨਕ ਸਮਝਿਆ ਤੇ ਇਸ, ਪਰ ਸਵਾਰ ਹੋਣ ਤੋਂ ਨਾਹ ਕਰ ਦਿੱਤੀ ।



Sri Satguru Jagjit Singh Ji eLibrary NamdhariElibrary@gmail.com

ਮੈਨੇਜਰ ਨੇ ਦੋਗਲੇ (Anglo-Indian) ਅਫਸਰ ਦੇ ਮੁਆਫੀ ਮੰਗਣ, ਪਰ ਸਿੰਘਾਂ ਨੂੰ ਪਰੇਰ ਕੇ ਸਾਫ ਸੁਥਰੀਆਂ ਗੱਡੀਆਂ ਰਾਹੀਂ ਬਾਹਰ ਭੇਜਣਾ ਆਰੰਭ ਦਿੱਤਾ ਤੇ ਕੁਛਦਿਨਾਂ ਵਿਚ ਹੀ ਐਡੀ ਵੱਡੀ ਭੀੜ ਆਪਣੇ ਘਰਾਂ ਨੂੰ ਪਰਤ ਗਈ । ਸਿਰਫ 2-4 ਹਜ਼ਾਰ ਸਿੰਘ ਹੀ ਉਥੇ ਰਹਿ ਗਏ ਜੋ ਰੱਖਣੇ ਭੀ ਜ਼ਰੂਰੀ ਸਨ । ਅਖੀਰ ਸਿੰਘਾਂ ਦੇ ਬਾਹੂ-ਬਲ ਤੇ ਕੁਰਬਾਨੀ ਦੇ ਸਹਾਰੇ ਤਾਂ ਪ੍ਰਬੰਧ ਕਰਨਾ ਸੀ । ਉਧਰ ਅੰਗਰੇਜ਼ ਖੁਸ਼ ਹੋ ਗਿਆ ਕਿ ਉਨ੍ਹਾਂ ਦੀ ਸਿਰਦਰਦੀ ਦੂਰ ਕਰ ਦਿੱਤੀ ਗਈ ਸੀ ।

## ਜ਼ਮੀਨਾ ਦੇ ਕਬਜ਼ੇ ਲੈਣੇ

ਗੁਰਦੁਆਰਾ ਸਾਹਿਬ ਦੇ ਨਾਮ ਐਡੀ ਵੱਡੀ ਜਾਇਦਾਦ ਲੱਗੀ ਹੋਈ ਸੀ ਕਿ ਉਸ ਦਾ ਕਬਜ਼ਾ ਲੈਣਾ ਬਹੁਤ ਔਖਾ ਹੋਣਾ ਸੀ । ਮੈਨੇਜਰ ਨੇ ਇਕ ਸਕੀਮ ਬਣਾਈ ਜਿਸ ' ਤੇ ਅਮਲ ਕਰਕੇ ਉਸ ਨੇ ਸਾਰੇ ਕਾਰਜ ਨੂੰ ਬਿਨਾਂ ਕਿਸੇ ਮੁਕੱਦਮੇ ਜਾਂ ਖੂਨ ਖਰਾਬੇ ਦੇ ਸੁਚੱਜੇ ਢੰਗ ਨਾਲ ਸੁਲਝਾ ਲਿਆ । ਦਸ ਦਸ ਸਿੰਘਾਂ ਦੇ ਦਸ ਜੱਥੇ ਰਿਸ਼ਟ-ਪੁਸ਼ਟ ਅਕਾਲੀ ਸਿੰਘਾਂ ਦੇ ਛਵ੍ਹੀਆਂ ਡੱਬਾਂ ਵਿਚ ਪਾ ਕੇ ਹੱਥਾਂ ਵਿਚ ਡਾਂਗਾਂ ਸੰਭਾਲ ਕੇ ਪਿੰਡਾਂ ਵਿਚ ਪੁੱਜ ਜਾਂਦੇ ਤੇ ਜਾਂਦੇ ਹੀ ਪਿੰਡ ਦਾ ਘੇਰਾ ਪਾ ਲੈਂਦੇ ਅਤੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾ ਦੇਂਦੇ । ਮਗਰੇ ਹੀ ਮੈਨੇਜਰ ਘੋੜੇ 'ਤੇ ਚੜ੍ਹ ਕੇ ਉਥੇ ਪੁੱਜ ਜਾਂਦੇ ਅਤੇ ਵਿਚ ਪੈ ਕੇ ਨਿਬੈੜਾ ਕਰਾ ਦੇਂਦੇ । ਸਭ ਮੁਜਾਰਿਆਂ ਨੇ ਅਕਾਲੀਆਂ ਦੀਆਂ ਕੈਰੀਆਂ ਅੱਖਾਂ ਦੇਖ ਕੇ ਮਹੰਤ ਦੇ ਏਜੰਟਾਂ ਦਾ ਸਾਥ ਛੱਡ ਦਿੱਤਾ ਤੇ ਸਿੰਘਾਂ ਨੂੰ ਮਿਲਵਰਤਨ ਦੇਣਾ ਮੰਨ ਲਿਆ । ਹਰ ਪਿੰਡ ਵਿਚੋਂ ਅਨਾਜ ਦੇ ਕੋਠੇ ਭਰੇ ਹੋਏ ਮਿਲਦੇ ਜਿਸ ਨੂੰ ਉਥੇ ਨੀਯਤ ਕੀਤੇ ਜਥੇਦਾਰ ਦੇ ਹਵਾਲੇ ਕਰ ਦਿੱਤਾ ਜਾਂਦਾ । ਦੋ ਵਜੇ ਤਕ ਇਹ ਸਾਰਾ ਕੰਮ ਪੂਰਾ ਕਰ ਲਿਆ ਜਾਂਦਾ । ਅਗਲੀ ਸਵੇਰ ਸਾਰਾ ਅਨਾਜ ਸ੍ਰੀ ਨਨਕਾਣਾ ਸਾਹਿਬ ਵਿਚ ਮੰਗਲ ਸਿੰਘ ਵਸਾਵਾ ਮੱਲ ਆੜ੍ਹਤੀ ਦੀ ਦੁਕਾਨ ਤੇ ਲਿਆਂਦਾ ਗਿਆ । ਸਾਰੇ ਕਾਸ਼ਤਕਾਰ ਸਵੇਰੇ 10 ਵਜੇ ਮੈਨੇਜਰ ਦੇ ਦਫਤਰ (ਮਹੰਤ ਦੀ ਬੈਠਕ) ਵਿਚ ਪੁੱਜ ਗਏ । ਸਾਰਾ ਅਨਾਜ ਉਸ ਸ਼ਾਮ ਤੋਂ ਪਹਿਲਾਂ ਵੇਚ ਦਿੱਤਾ ਗਿਆ ਤੇ ਕੁੱਲ ਆਮਦਨੀ ਗੁਰਦੁਆਰਾ ਸਾਹਿਬ ਦੇ ਹਿਸਾਬ ਵਿਚ ਜਮ੍ਹਾਂ ਕਰਵਾ ਦਿੱਤੀ ਗਈ । ਅਗਲੇ ਦਿਨ 12 ਵਜੇ ਜ਼ਮੀਨਾਂ ਦੇ ਠੇਕੇ ਮੁੜ ਅੱਗੇ ਨਿਲਾਮ ਕਰ ਦਿੱਤੇ ਗਏ । ਲਾਇਲਪੁਰ ਵਾਲੇ ਸ. ਇਕਬਾਲ ਸਿੰਘ ਵਕੀਲ ਆਏ ਹੋਏ ਸਨ ਜਿਨ੍ਹਾਂ ਨੇ ਇਹ ਕੰਮ ਤੁਰੰਤ ਪੂਰਾ ਕਰ ਦਿੱਤਾ । ਰਾਤ ਨੂੰ ਅਮਰ ਸਿੰਘ ਪਟਵਾਰੀ ਨੇਂ ਇਹ ਕਾਰਵਾਈ ਆਪਣੇ ਰੋਜ਼ਨਾਮਚਾ-ਵਾਕਿਆਤੀ ਵਿਚ ਦਰਜ ਕਰ ਲਈ ਅਤੇ ਕਿਸੇ ਹੋਰ ਦੇ ਕੰਨ ਇਹ ਭਿਣਕ ਭੀ ਨਾ ਪੈਣ ਦਿੱਤੀ, ਕਿ ਕਿਵੇਂ ਕਾਨੂੰਨੀ ਕਬਜ਼ੇ ਲਏ ਜਾ ਚੁਕੇ ਹਨ । ਪਿੰਡਾਂ ਵਿਚ ਅਮਨ-ਚੈਨ ਰੱਖਣ ਲਈ ਇਸ ਦਿਨ ਅਕਾਲੀ ਸਿੰਘਾਂ ਦਾ ਜਥਾ ਬਿਠਾ ਦਿੱਤਾ ਗਿਆ ।

## ਮੀਹਾਂ ਸਿੰਘ ਬੱਕਰੀਆਂ ਵਾਲਾ

ਬਾਹਰ ਕਈ ਸੌ ਕਿੱਲੇ ਜ਼ਮੀਨ, ਪਰ ਕਬਜ਼ਾ ਤਾਂ ਹੋ ਗਿਆ ਪਰ ਮਹੰਤ ਨਰੈਣ ਦਾਸ ਗੁਰੂ ਦੇ ਸਿੰਘਾਂ ਦੀ ਵੱਖੀ ਵਿਚ ਇਕ ਤਿੱਖੀ ਸੂਲ ਖੋਭ ਗਿਆ ਹੋਇਆ ਸੀ । ਗੁਰੂ ਦੀ ਸਰਾਂ ਵਿਚ ਇਕ ਨੁਕਰੇ ਛੇ ਕੋਠੜੀਆਂ ਮੀਹਾਂ ਸਿੰਘ ਬੱਕਰੀਆਂ ਵਾਲੇ ਨੂੰ ਕਰਾਏ, ਪਰ ਦਿੱਤੀਆਂ ਹੋਈਆਂ ਸਨ । ਉਸ ਨੇ ਅਗਲੇ ਪਾਸੇ ਵਲਗਣ ਵਲੀ ਹੋਈ ਸੀ । ਇਕ ਪਾਸੇ ਉਸ ਦੀਆਂ ਬੱਕਰੀਆਂ ਫਸਲਾਂ ਦਾ ਉਜਾੜਾ ਕਰਦੀਆਂ ਹੁੰਦੀਆਂ ਸਨ ਤੇ ਦੂਜੇ ਪਾਸੇ ਇਹ ਕੋਠੜੀਆਂ ਸੰਗਤਾਂ ਲਈ ਭੀ ਅਤਿ ਲੋੜੀਂਦੀਆਂ ਸਨ । ਉਸ ਨੂੰ ਭਲਮਾਣਸੀ ਨਾਲ ਥਾਂ ਛੱਡਣ ਲਈ ਕਿਹਾ ਗਿਆ ਤੇ ਦੋ ਕੁ ਹੋਰ ਹਵੇਲੀਆ ਭੀ ਉਸ ਨੂੰ ਦਿਖਾਈਆਂ ਗਈਆਂ ਪਰ ਉਹ ਵੀ ਬੜਾ ਅਵੇੜਾ ਤੇ ਖੋਚਰੀ ਆਦਮੀ ਸੀ । ਅਤੇ ਡੁਰਲੀ ਜੱਥੇ ਨੂੰ ਉਸ ਦੀ ਸੁਧਾਈ ਕਰਨ ਲਈ ਹੁਕਮ ਦੇ ਦਿੱਤਾ ਗਿਆ । ਨੀਯਤ ਸਮੇਂ 'ਤੇ ਮੈਨੇਜਰ ਬਾਹਰ ਵਾਰ ਆਣ ਖਲੋਤੇ ਤੇ ਡੁਰਲੀ ਜਥੇ ਨੇ ਆਪਣੀ ਕਾਰਵਾਈ



Sri Satguru Jagjit Singh Ji eLibrary NamdhariElibrary@gmail.com

ਆਰੰਭ ਦਿੱਤੀ । ਇੰਨੇ ਚਿਰ ਨੂੰ ਚੌਧਰੀ ਹੁਸੈਨ ਅਲੀ ਐਸ.ਡੀ.ਓ. (ਇਲਾਕਾ ਮੈਜਿਸਟਰੇਟ ਸੀ) ਭੀ ਉਥੇ ਆ ਗਿਆ । ਸਰਾਂ ਦੇ ਅੰਦਰੋਂ "ਮਾਰ ਸੁੱਟਿਆ, ਮਾਰ ਦਿੱਤਾ, ਲੋਕੋ ਬਚਾਓ" ਦੀਆਂ ਉਚੀਆਂ ਉਚੀਆਂ ਚੀਕਾਂ ਸੁਣਾਈ ਦੇਣ ਲੱਗ ਪਈਆਂ । ਇਕ ਸੇਵਾਦਾਰ ਨੇ ਆ ਕੇ ਦੱਸਿਆਂ ਕਿ:

"ਮੀਹਾਂ ਸਿੰਘ ਨੂੰ ਚਾਹਟਾ ਛਕਾਈਦਾ ਹੈ ।"

ਮੈਨੇਜਰ ਨੇ ਚੌਧਰੀ ਸਾਹਿਬ ਨੂੰ ਦੱਸ ਦਿੱਤਾ ਕਿ ਸ਼ਰੋਮਣੀ ਕਮੇਟੀ ਨੇ ਨਾ-ਮਿਲਵਰਤਨ ਦਾ ਮਤਾ ਪਾਸ ਕਰਕੇ ਪੁਲਿਸ ਤੇ ਅਦਾਲਤਾਂ ਦੀ ਸਹਾਇਤਾਂ ਲੈਣ ਦੇ ਸਾਰੇ ਰਸਤੇ ਬੰਦ ਕਰ ਦਿੱਤੇ ਹਨ । ਇਸ ਲਈ ਵਿਗੜਿਆਂ-ਤਿਗੜਿਆਂ ਨੂੰ ਸਿੱਧੇ ਰਾਹ ਪਾਉਣ ਵਾਸਤੇ ਇਹੋ ਸਾਧਨ ਰਹਿ ਗਿਆ ਹੈ । ਇਹ ਭੀ ਦੱਸਿਆਂ ਕਿ "ਚਾਹਟਾ ਛਕਾਉਣ" ਵੇਲੇ ਬੰਦੇ ਨੂੰ ਮੂੰਹਦੇ-ਮੂੰਹ ਲੰਮਿਆ ਪਾ ਕੇ, ਨੰਗੇ ਕਰਕੇ, ਪੱਕਾ ਸੋਲ੍ਹੀਆ ਜੂਤ ਫੇਰ ਕੇ ਪੁੜ ਪਾ ਦਿੱਤੇ ਜਾਂਦੇ ਹਨ ਅਤੇ ਹਰ ਰੋਜ਼ ਐਸਾ ਹੀ ਕੀਤਾ ਜਾਂਦਾ ਹੈ ਜਦ ਤਕ ਕਿ ਉਹ ਹੁਕਮ ਪੂਰੀ ਤਰ੍ਹਾਂ ਨਾ ਮੰਨ ਲਵੇ ।

ਇਸ ਤਰ੍ਹਾਂ 323 ਹਿੰਦ ਡੰਡਾਵਲੀ ਦਾ ਕੇਸ ਹੀ ਬਣਦਾ ਹੈ, ਜੋ ਪੁਲਿਸ ਐਸੇ ਅਪਰਾਧੀਆਂ ਨੂੰ ਫੜ ਨਹੀਂ ਸਕਦੀ । ਚੌਧਰੀ ਸਾਹਿਬ ਦੇ ਮੂੰਹ ਤੋਂ ਨਿਕਲਿਆ :

'ਸਾਬਾਸ਼ ! ਗੁਰੂ ਗੋਬਿੰਦ ਸਿੰਘ ਦੇ ਫੌਲਾਦੀ ਸ਼ੇਰਾਂ ਦਾ, ਜੋ ਨਾ ਮਰਨੋਂ ਡਰਦੇ ਹਨ ਅਤੇ ਨ ਜੇਲ੍ਹ ਜਾਣੋਂ ਘਬਰਾਉਂਦੇ ਹਨ ।

ਅੰਤ ਇਕੋ ਦਿਨ ਦੇ ਚਾਹਟੇ ਨਾਲ ਮੀਹਾਂ ਸਿੰਘ ਦੇ ਪੈਰਾਂ ਥਲਿਓਂ ਧਰਤੀ ਖਿਸਕ ਗਈ । ਆਪ ਤਾਂ ਉਹ ਅੰਦਰ ਹੀ ਲੁਕਿਆ ਰਿਹਾ ਤੇ ਬੱਕਰੀਆਂ ਉਸ ਦਾ ਰਿਸ਼ਤੇਦਾਰ ਮੁੰਡਾ ਲੈ ਕੇ ਬਾਹਰ ਚਲਾ ਗਿਆ । ਜ਼ਿਮੀਦਾਰਾਂ ਨੇ ਮੁੰਡਾ ਕੁੱਟ ਸੁਟਿਆ ਤੇ ਬੱਕਰੀਆਂ ਦਾ ਦੁੱਧ ਚੋਅ ਲਿਆ। ਉਸੇ ਸ਼ਾਮ ਮੀਹਾਂ ਸਿੰਘ ਨੂੰ ਫਿਰ ਚਾਹਟਾ ਛਕਾਇਆ ਗਿਆ ਅਤੇ ਉਸ ਦੇ ਰਿਸ਼ਤੇਦਾਰ ਉਸ ਨੂੰ ਮੰਜੀ ਤੇ ਪਾ ਕੇ ਬਾਲ ਲੀਲ੍ਹਾ ਦੀ ਖੁਲ੍ਹੀ ਹਵੇਲੀ ਵਿਚ ਲੈ ਗਏ, ਫਿਰ ਉਥੋਂ ਥਾਣੇ ਲੈ ਗਏ ਪਰ ਥਾਣੇਦਾਰ ਨੇ ਰਪਟ ਲਿਖ ਕੇ ਕਹਿ ਦਿੱਤਾ ਕਿ ਅਦਾਲਤ ਵਿਚ ਸਿੱਧਾ ਇਸਤਗਾਸਾ ਪਾਵੋ। ਅਰਜ਼ੀ-ਨਵੀਸ ਨੇ ਸ਼ਕਾਇਤ ਲਿਖਣ ਤੋਂ ਨਾਂਹ ਕਰ ਦਿੱਤੀ । ਮੀਹਾਂ ਸਿੰਘ ਠੰਢਾ ਪੈ ਗਿਆ ਤੇ ਘਰ ਪਰਤ ਆਇਆ । ਅਕਾਲੀਆਂ ਨੇ ਰਾਤੋ-ਰਾਤ ਵਲਗਣ ਦੀ ਕੰਧ ਢਾਹ ਕੇ ਪੱਧਰੀ ਕਰ ਦਿੱਤੀ, ਮਲਬਾ ਚੁਕਵਾ ਕੇ ਟਿਕਾਣੇ ਲਗਾ ਦਿੱਤਾ ਅਤੇ ਅਗਲੇ ਦਿਨ ਕੋਠੜੀਆਂ ਭੀ ਸਾਫ਼ ਕਰਕੇ ਕੁੱਲ ਜਗ੍ਹਾ 'ਤੇ ਕਬਜ਼ਾ ਕਰ ਲਿਆ ।

## ਉਸਾਰੀ ਦੇ ਕੰਮ

ਦੋ ਚਾਰ ਹਜ਼ਾਰ ਅਕਾਲੀਆਂ (ਜੋ ਇਥੇ ਰਹਿ ਗਏ ਸਨ), ਨੂੰ ਕੰਮ 'ਤੇ ਲਾਉਣ ਲਈ ਬਹੁਤ ਵੱਡੇ ਛੱਪੜ ਨੂੰ ਪੂਰਨ, ਗੁਰਦੁਆਰਾ ਸਾਹਿਬ ਤੇ ਗੁਰੂ ਦੀ ਸਰਾਂ ਤੋਂ ਲੈ ਕੇ ਰੇਲ ਦੀ ਪਟੜੀ ਤਕ ਪੱਧਰਾ ਕਰਨ ਤੇ ਬਾਗ ਲਗਵਾਉਣ ਲਈ ਟੀਚਾ ਸੱਤ-ਅੱਠ ਮਹੀਨੇ ਦਾ ਮਿਥਿਆ ਗਿਆ ਸੀ । ਰਾਤ ਗਈ ਤਕ ਗੈਸ ਦੀ ਰੌਸ਼ਨੀ ਵਿਚ ਕੰਮ ਹੋਣ ਲੱਗ ਪਿਆ । ਗੁਰਦੁਆਰਾ ਸਾਹਿਬ ਦੇ ਪਿਛਲੇ ਪਾਸੇ ਇਸ ਬਹੁਤ ਵੱਡੀ ਹਵੇਲੀ ਸੀ ਜਿਸ ਵਿਚ ਗੱਡੇ, ਉਠ ਖੜ੍ਹਦੇ ਹੁੰਦੇ ਪਰ ਇਸ ਵਿਚ ਗੰਦ ਆਦਿ ਬਹੁਤ ਸੀ । ਭੱਠੇ ਥਾਂ-ਥਾਂ ਬਣੇ ਹੋਏ ਸਨ ਜਿਸ ਕਰਕੇ ਚਾਰ-ਚੁਫੇਰੇ ਟੋਏ ਹੀ ਟੋਏ ਪਏ ਸਨ । ਹਰ ਵੇਲੇ 100 ਸਿੰਘ ਕਹੀਆਂ ਤੇ ਟੋਕਰੀਆਂ ਨਾਲ ਅਤੇ 10-20 ਹਲ ਤੇ ਏਨੀਆਂ ਹੀ ਜੋਗਾਂ, ਕਰਾਹਾਂ ਨਾਲ ਕੰਮ ਕਰਨ ਲੱਗ ਪਏ ।

ਲਾਹੌਰ ਦੀ ਮਿਉਂਸਿਪਿਲ ਕਮੇਟੀ ਪਾਸੋਂ ਛੋਟੀ ਰੇਲ ਦੀ ਲਾਈਨ 'ਤੇ ਕੂੜਾ ਢੋਣ



Sri Satguru Jagjit Singh Ji eLibrary NamdhariElibrary@gmail.com

ਵਾਲੇ ਛਕੜੇ ਲਿਆਂਦੇ ਗਏ ਅਤੇ ਬਾਹਰਲੇ ਪਾਸੇ ਰੇਤ ਦੇ ਵੱਡੇ ਵੱਡੇ ਟਿੱਬੇ ਵੱਢ ਕੇ ਛੱਪੜ ਵਿਚ ਪਾ ਦਿੱਤੇ ਗਏ । 100 ਆਦਮੀ ਹਰ ਸਮੇਂ ਛੱਪੜ ਪੂਰਨ 'ਤੇ ਲੱਗੇ ਹੋਏ ਸਨ । ਕਰਾਹੇ ਫੇਰ ਦਿੱਤੇ ਗਏ, ਸੜਕਾਂ ਤੇ ਨਾਲੀਆਂ ਕੱਢ ਦਿੱਤੀਆਂ ਗਈਆਂ ਜਿਨ੍ਹਾਂ ਦੇ ਕੰਢੇ ਕੇਲੇ ਤੇ ਦੇਸੀ ਅੰਬਾਂ ਦੇ ਬੂਟੇ ਲਗਾ ਦਿੱਤੇ ਗਏ । ਕੱਚੀ ਹਵੇਲੀ ਵਾਲੀ ਥਾਂ ਉਚੀ ਹੋਣ ਕਰਕੇ ਪਾਣੀ ਉਥੇ ਤਕ ਲੈ ਜਾਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ । ਛੇਤੀ ਹੀ ਉਚੀ ਥਾਂ ਨੂੰ ਧੂਹ ਧੂਹ ਕੇ ਛੱਪੜ ਵਿਚ ਸੁੱਟ ਦਿੱਤਾ ਗਿਆ । ਸਰਾਂ ਦੀਆਂ ਕੋਠੜੀਆਂ ਦੀਆਂ ਕੰਧਾ 'ਚ ਪਾੜ ਲਾ ਕੇ ਬਾਰੀਆਂ ਤੇ ਰੌਸ਼ਨਦਾਨ ਕਢਵਾਉਣੇ ਸ਼ੁਰੂ ਕਰ ਦਿੱਤੇ ਗਏ । ਗੁਰਦੁਆਂਰਾ ਜਨਮ ਅਸਥਾਨ ਦੇ ਨਾਲ, ਗੁਰਦੁਆਰੇ, ਗੁਰੂ ਦੇ ਲੰਗਰ ਅਤੇ ਕਮੇਟੀ ਦੇ ਦਫਤਰ ਦੇ ਸੰਨ੍ਹ ਵਿਚ ਕੁਮ੍ਹਾਰਾਂ ਦੀਆਂ ਭੱਠੀਆਂ (ਆਵੀਆਂ) ਸਨ, ਜੋ ਹਟਾਉਣੀਆਂ ਜ਼ਰੂਰੀ ਸਨ । ਗੁਰਦੁਆਰਾ ਸਾਹਿਬ ਤੇ ਆਵੀਆਂ ਦੇ ਵਿਚਾਲੇ ਵਿਚ 10-11 ਫੁੱਟ ਚੌੜੀ ਸੜਕ ਹੁੰਦੀ ਸੀ । ਇਹ ਆਵੀਆਂ ਭੀ ਗੰਦ ਦਾ ਘਰ ਬਣੀਆਂ ਹੋਇਆਂ ਸਨ, ਇਸ ਲਈ ਇਹ ਆਵੀਆਂ ਚੁਕਵਾ ਕੇ ਦੋ ਤਿੰਨ ਸੌ ਗਜ਼ ਪਰ੍ਹੇ ਥਾਂ ਦੇ ਦਿੱਤੀ ਗਈ । ਸਰਾਂ ਦੀਆਂ ਬਾਰੀਆਂ ਦੇ ਰੌਸ਼ਨਦਾਨਾਂ ਦਾ ਕੰਮ ਇਸਤ੍ਰੀ ਸਤਿ ਸੰਗ ਨੇ ਸਾਂਭ ਲਿਆ । ਪੁਰਸ਼ ਪਾੜ ਲਾ ਦਿੰਦੇ ਤੇ ਇਸਤਰੀਆਂ ਮਲਬਾ ਚੁੱਕ ਕੇ ਪਰ੍ਹੇ ਸੁੱਟ ਆਉਂਦੀਆਂ । ਇਕ ਮਹੀਨੇ ਵਿਚ ਇਹ ਸਫਲਤਾ ਮਿਲ ਗਈ । ਗੁਰਦੁਆਰਾ ਸਾਹਿਬ ਦੇ ਚੁਫੇਰੇ ਸੜਕਾਂ ਚੌੜੀਆਂ ਕਰਨੀਆਂ ਆਰੰਭ ਦਿੱਤੀਆਂ ਗਈਆਂ । ਸਾਹਮਣੇ ਵਾਲੀ ਸੜਕ, ਪਰ ਦਰੱਖਤ ਬਹੁਤ ਸਨ, ਜੋ ਕੱਟਣੇ ਪਏ । ਮਹੰਤ ਦੇ ਇਕ ਚੇਲੇ ਨੇ ਅੜਿੱਕਾ ਪਾਉਣ ਦੀ ਕੋਸ਼ਿਸ਼ ਕੀਤੀ ਪਰ ਇਕ ਡੰਗ ਦੇ ਚਾਹਟੇ ਨਾਲ ਹੀ ਉਸਦੀ ਤਬੀਅਤ ਸਾਫ ਹੋ ਗਈ । ਗੁਰਦੁਆਰਾ ਸਾਹਿਬ ਦੇ ਪਿਛਲੇ ਪਾਸੇ ਦੀ ਸੜਕ ਬਹੁਤ ਤੰਗ ਸੀ । ਮਹੰਤ ਭਿਰਗਾ ਨੰਦ ਆਦਿ ਦੀਆਂ ਕੱਚੀਆ ਹਵੇਲੀਆਂ ਢਾਹੇ ਬਿਨਾਂ ਕੰਮ ਨਹੀਂ ਚੱਲ ਸਕਦਾ ਸੀ । ਹਵੇਲੀ ਦੀ ਥਾਂ ਹਵੇਲੀ ਲੈਣ ਲਈ ਕਿਹਾ, ਕੋਠੇ ਪਵਾ ਕੇ ਦੇਣ ਤੇ ਰੂੜੀ ਦਾ ਮੁੱਲ ਤਾਰਨ ਦਾ ਭੀ ਬਚਨ ਦਿੱਤਾ ਗਿਆ ਪਰ ਉਹ ਨਾ ਮੰਨੇ ।

ਜਥੇਦਾਰ ਵਸਾਵਾ ਸਿੰਘ ਦਾ ਡੁਰਲੀ ਜੱਥਾ ਫਿਰ ਹਰਕਤ ਵਿਚ ਆ ਗਿਆ । ਰਾਤੋ ਰਾਤ ਢਾਹ ਢੁਆਹੀ ਕਰ ਕੇ ਤੇ ਚਾਹਟਾ ਛਕਾ ਕੇ ਇਹ ਜਥਾ ਨੌਸ਼ਹਿਰੇ ਵੱਲ ਚਲਾ ਗਿਆ । ਪਿਛੋਂ ਮਹੰਤ ਥਾਣੇ ਗਿਆ ਪਰ ਕੇਸ ਫਿਰ ਪੁਲਿਸ ਦਾ ਨਾ ਬਣਿਆ । ਕੁਝ ਦਿਨਾਂ ਵਿਚ ਹੀ ਇਹ ਥਾਂ ਭੀ ਪੱਧਰੀ ਕਰ ਦਿੱਤੀ ਗਈ ਤੇ ਆਵਾਜਾਈ ਲਈ ਸੜਕ ਚੌੜੀ ਹੋ ਗਈ । ਹੌਲੀ ਹੌਲੀ ਸਭ ਨੇ ਹੱਕ-ਮਾਲਕਾਨਾ ਜੋ ਮਹੰਤ ਲੈਂਦਾ ਹੁੰਦਾ ਸੀ, ਭੀ ਗੁਰਦੁਆਰਾ ਕਮੇਟੀ ਨੂੰ ਦੇਣ ਸ਼ੁਰੂ ਕਰ ਦਿੱਤਾ ।

## ਗੁਰਦਵਾਰੇ ਦੀ ਜਾਗੀਰ

ਇਸ ਗੁਰਦੁਆਰਾ ਸਾਹਿਬ ਦੇ ਨਾਮ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਤੋਂ ਜਾਗੀਰ ਲੱਗੀ ਹੋਈ ਸੀ ਜੋ ਮਹੰਤ ਲਗਾਤਾਰ ਵਸੂਲ ਕਰਦਾ ਰਿਹਾ ਸੀ । ਉਹ ਆਪ ਹੀ ਨੰਬਰਦਾਰ ਸੀ ਪਰ ਉਸ ਦੇ ਗ੍ਰਿਫ਼ਤਾਰ ਹੋਣ ਉਪਰੰਤ ਕੋਈ ਨੰਬਰਦਾਰ ਨਾ ਰਿਹਾ । ਮੈਨੇਜਰ ਸ. ਨਾਰਾਇਣ ਸਿੰਘ ਨੂੰ ਕੁਝ ਸਮੇਂ ਬਾਅਦ ਨੰਬਰਦਾਰ ਬਣਾ ਦਿੱਤਾ ਗਿਆ । ਉਸ ਨੇ ਜਾਗੀਰ ਦੀ ਰਕਮ ਹਾਸਲ ਕਰਨ ਲਈ ਪਟਵਾਰੀ ਨਾਲ ਸੀਟੀ ਰਲਾਈ । ਉਸ ਨੇ ਢਾਲ-ਬਾਛ ਵਿਚ ਮਾਮਲੇ ਦੀ ਰਕਮ ਦਰਜ ਕਰਵਾ ਦਿੱਤੀ ਤੇ ਸਰਕਾਰ ਦਾ ਹਿੱਸਾ ਭੀ ਲਿਖਾ ਦਿੱਤਾ । ਮੈਨੇਜਰ ਨੇ ਮਾਮਲਾ ਉਗਰਾਹੀ ਕਰਕੇ ਜਾਗੀਰ ਦੀ ਰਕਮ ਗੁਰਦੁਆਰਾ ਸਾਹਿਬ ਦੇ ਹਿਸਾਬ ਵਿਚ ਜਮ੍ਹਾਂ ਕਰਾ ਦਿੱਤੀ ਤੇ ਬਾਕੀ ਸਰਕਾਰ ਦਾ ਹਿੱਸਾ ਸਰਕਾਰੀ ਖਜ਼ਾਨੇ ਵਿਚ ਦੇ ਦਿੱਤਾ । ਸ਼ੇਖੂਪੁਰੇ ਦਾ ਡੀ.ਸੀ. ਸਾਰੀ ਦੀ ਸਾਰੀ ਰਕਮ ਸਰਕਾਰੀ ਖਜ਼ਾਨੇ ਵਿਚ ਰੱਖਣਾ ਚਾਹੁੰਦਾ ਸੀ ਕਿਉਂਕਿ ਹਾਲੀ ਜਾਗੀਰ ਸਿੱਖਾਂ ਨੂੰ ਦੇਣ ਬਾਰੇ ਕੋਈ ਅਦਾਲਤੀ ਹੁਕਮ ਨਹੀਂ ਹੋਈਆ ਸੀ । ਉਸ ਨੇ ਮੈਨੇਜਰ ਨੂੰ ਧਮਕੀ ਦਿੱਤੀ ਕਿ ਉਸ ਨੂੰ ਸਰਕਾਰੀ ਰੁਪਏ ਖਾਣ ਦੇ ਦੋਸ਼ ਵਿਚ ਮੁਕੱਦਮੇ 'ਚ ਲਪੇਟਿਆ ਜਾਵੇਗਾ ਪਰ



Sri Satguru Jagjit Singh Ji eLibrary NamdhariElibrary@gmail.com

ਮੈਨੇਜਰ ਭੀ ਕੋਈ ਕੱਚੀਆਂ ਗੋਲੀਆਂ ਨਹੀਂ ਖੇਲਿਆ ਹੋਇਆ ਸੀ ।

ਉਸ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਦੇ ਹਿੱਸੇ ਦਾ ਪੈਸਾ ਉਸ ਨੇ ਠੀਕ ਹਿਸਾਬ ਵਿਚ ਜਮ੍ਹਾਂ ਕਰਵਾ ਦਿੱਤਾ ਹੈ । ਜਦ ਨਵਾਂ ਡੀ.ਸੀ. ਆਇਆ ਤਾਂ ਉਸ ਨੇ ਮੈਨੇਜਰ ਨੂੰ ਨੋਟਿਸ ਦੇ ਦਿੱਤਾ । ਇਹ ਅੱਗ ਸੁਲਗਦੀ ਰਹੀ ਪਰ ਕੁਝ ਦੇਰ ਬਾਅਦ ਪੰਜਾਬ ਸਰਕਾਰ ਦੇ ਹੋਮ ਸਕੱਤਰ ਨਾਲ ਭੇਂਟ ਸਮੇਂ ਮੈਨੇਜਰ ਨੇ ਸਾਰੀ ਗੱਲ ਸਪੱਸ਼ਟ ਕਰ ਦਿੱਤੀ ਤਾ ਉਸ ਨੇ ਖੁਸ਼ ਹੋ ਕੇ ਡੀ.ਸੀ. ਨੂੰ ਕਿਹਾ ਕਿ ਮੈਨੇਜਰ, ਪਰ ਕੋਈ ਕੇਸ ਨਾ ਚਲਾਇਆ ਜਾਵੇ । ਇਸ ਤਰ੍ਹਾਂ ਮੈਨੇਜਰ ਦੀ ਦਲੇਰੀ ਤੇ ਦ੍ਰਿੜਤਾ ਕਾਰਨ ਜਾਗੀਰ ਦੀ ਰਕਮ ਦੀ ਵਸੂਲੀ ਕਮੇਟੀ ਨੂੰ ਹੋਣ ਲੱਗ ਪਈ । ਜੇਕਰ ਕਾਨੂੰਨੀ ਕਾਰਵਾਈ ਵਿਚ ਪੈ ਜਾਂਦੇ ਤਾਂ ਇਸ ਦਾ ਨਿਬੇੜਾ ਸ਼ਾਇਦ ਬੜੀ ਦੇਰ ਬਾਦ ਹੀ ਹੁੰਦਾ ।

## ਮੈਨੇਜਰ ਆਦਿ ਪਰ ਮੁਕਦਮੇ

ਜ਼ਮੀਨਾਂ ਦੇ ਕਬਜ਼ੇ ਕਮੇਟੀ ਨੇ ਲੈ ਲਏ । ਮਜ਼ਾਰੇ ਭੀ ਕਾਬੂ ਕਰ ਲਏ ਗਏ । ਫਸਲਾਂ ਭੀ ਵੇਚ-ਵੱਟ ਲਈਆਂ ਤਾਂ ਮਹੰਤ ਨਰੈਣ ਦਾਸ ਦੇ ਚੇਲੇ ਦੇਵਾ ਦਾਸ ਨੇ ਮੈਨੇਜਰ ਅਤੇ ਉਸ ਦੇ ਸਾਥੀ ਕਮੇਟੀ ਦੇ ਮੈਂਬਰਾਂ ਉਪਰ ਡੀ.ਸੀ. ਸ਼ੇਖੂਪੁਰੇ ਦੀ ਕਚਹਿਰੀ ਵਿਚੋਂ ਦਫਾ145 ਜ਼ਾਬਤਾ ਫ਼ੌਜਦਾਰੀ ਦਾ ਇਕ ਕੇਸ ਕਰ ਦਿੱਤਾ ਕਿ ਇਨ੍ਹਾਂ ਨੂੰ ਉਸ ਦੇ ਕਬਜ਼ੇ ਵਿਚ ਦਖਲ ਦੇਣ ਦਾ ਕੋਈ ਅਧਿਕਾਰ ਨਹੀਂ ਅਤੇ ਇਨ੍ਹਾਂ ਦੀਆਂ ਪੱਕੀਆਂ ਜ਼ਮਾਨਤਾ ਕੀਤੀਆਂ ਜਾਣ ।

ਸ੍ਰੀ ਨਨਕਾਣੇ ਸਾਹਿਬ ਦੇ ਡਾਕ-ਬੰਗਲੇ ਵਿਚ ਕਚਹਿਰੀ ਲੱਗਦੀ ਹੁੰਦੀ ਸੀ । ਮਹੰਤ ਵੱਲੋਂ ਗਣਪਤ ਰਾਏ ਅਤੇ ਅਕਾਲੀਆਂ ਵਲੋਂ ਸ. ਬਹਾਦਰ ਮਹਿਤਾਬ ਸਿੰਘ ਵਕੀਲ ਹੁੰਦੇ ਸਨ । ਮਹੰਤ ਨੇ ਬਹੁਤ ਝੂਠ ਤੇ ਕੁਫਰ ਤੋਲਿਆ ਅਤੇ ਝੂਠੇ ਗਵਾਹ ਭੀ ਪੇਸ਼ ਕੀਤੇ । ਮੈਨੇਜਰ ਆਪ ਹੀ ਸਵਾ ਲੱਖ ਗਵਾਹ ਪੇਸ਼ ਹੋਇਆ ਅਤੇ ਨਾਲ ਹੀ ਮਜ਼ਾਰਿਆਂ ਵੱਲੋ ਲਿਖੇ ਪਟੇ, ਪਟਵਾਰੀ ਦੇ ਰੋਜ਼ਨਾਮਚਾ ਵਾਕਿਆਤੀ ਨਕਲ, ਰਜਿਸਟਰ ਦੇ ਅੰਦਰਾਜ਼ਾਂ ਦੀਆਂ ਨਕਲਾਂ, ਚਿੱਠਾ ਮਾਲ, ਗੁਦਾਮਾਂ ਵਿਚ ਰੱਖੇ ਅਨਾਜ ਦੀ ਜਮਾਂਦਾ, ਠੇਕੇਦਾਰਾਂ ਦੇ ਹਿਸਾਬ ਦੀ ਨਕਲ ਅਤੇ ਮਹੰਤਾਂ ਦੇ ਚਾਬੀਆਂ ਦੇ ਗੁੱਛੇ ਆਦਿ ਪੇਸ਼ ਕਰ ਦਿੱਤੇ । ਮੁੜ ਸਰਦਾਰ ਬਹਾਦਰ ਨੇ ਇਕ ਧੜੱਲੇਦਾਰ ਬਹਿਸ ਕੀਤੀ ਜਿਸ ਵਿਚ ਖਾਲਸਾ ਰਾਜ ਨੂੰ ਹਥਿਆਉਣ ਦੇ ਵੇਲੇ 1849 ਤੋਂ ਲੈ ਕੇ ਹੁਣ ਤਕ ਸਿੱਖਾਂ ਨਾਲ ਵਧੀਕੀਆਂ ਕਰਨ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ । ਇਨਸਾਫ ਅਕਾਲੀਆਂ ਵੱਲ ਸੀ । ਅਦਾਲਤ ਨੇ ਭੀ ਫੈਸਲਾ ਅਕਾਲੀਆਂ ਦੇ ਹੱਕ ਵਿਚ ਕਰ ਦਿੱਤਾ । ਕਮਰੇ ਤੋਂ ਬਾਹਰ ਨਿਕਲ ਕੇ ਮਹੰਤ ਤੇ ਉਸਦੇ ਵਕੀਲ ਨੇ ਸੌ ਸੌ ਗਾਲਾਂ ਕੱਢ ਕੇ ਕਿਹਾ ਕਿ ਨਾਲੇ ਤਾਂ ਸਾਨੂੰ ਦਾਹਵਾ ਕਰ ਦੇਣ ਲਈ ਹੱਲਾਸ਼ੇਰੀ ਦਿੱਤੀ ਤੇ ਨਾਲੇ ਮੁਕੱਦਮਾ ਖਾਰਜ ਕਰ ਮਾਰਿਆ ਹੈ ।

ਇਥੇ ਹੀ ਬਸ ਨਹੀਂ ਹੋਈ । ਮਹੰਤ ਮੂਲੀ ਦਾਸ ਨੇ ਮੈਨੇਜਰ ਅਤੇ ਚਾਰ ਡੁਰਲੀ ਜਥੇ ਵਾਲਿਆਂ, ਪਰ ਦਫਾ 107 ਜ਼ਾਬਤਾ ਫ਼ੌਜਦਾਰੀ ਦਾ ਕੇਸ ਕਰ ਦਿੱਤਾ । ਐਸ.ਡੀ.ਓ. ਨੇ ਬਿਆਨ ਭੀ ਲਿਖਣੇ ਅਰੰਭ ਦਿੱਤੇ ਤੇ ਨਾਲ ਹੀ ਮੈਨੇਜਰ ਨੂੰ ਭੀ ਖਬਰ ਕਰ ਦਿੱਤੀ । ਮੈਨੇਜਰ ਨੂੰ ਇਲਮ ਹੁੰਦਾ ਸੀ ਕਿ ਡੁਰਲੀ ਜਥੇ ਵਾਲੇ ਹਰ ਵਿਗੜੇ ਬੰਦੇ ਨੂੰ ਗਿੱਦੜ-ਕੁਟ ਫੇਰਦੇ ਰਹਿੰਦੇ ਹਨ । ਉਹਨਾਂ ਨੇ ਝੱਟ ਸ੍ਰੋਮਣੀ ਕਮੇਟੀ ਪਾਸ ਅੰਮ੍ਰਿਤਸਰ ਉਚੇਚਾ ਬੰਦਾ ਭੇਜਿਆ ਕਿ ਉਸ ਦੀ ਬਦਲੀ ਕਰ ਦਿੱਤੀ ਜਾਵੇ ਤਾਂ ਕਿ ਕੇਸ ਆਪਣੇ ਆਪ ਖਾਰਜ ਹੋ ਜਾਵੇ ਜਾਂ ਫਿਰ ਉਸ ਨੂੰ ਜੇਲ੍ਹ ਜਾਣ ਦੀ ਆਗਿਆ ਦੇ ਦਿੱਤੀ ਜਾਵੇ ।

ਉਹਨਾਂ ਦੀ ਬਦਲੀ ਦਾ ਹੁਕਮ ਆ ਗਿਆ । ਉਹਨਾਂ ਨੇ ਬਾਲ-ਬੱਚਾ ਓਥੇ ਹੀ ਛੱਡ ਕੇ ਬਿਸਤਰਾ ਗੋਲ ਕਰ ਲਿਆ ਤੇ ਜਾਂਦੇ ਜਾਂਦੇ ਅਦਾਲਤ ਵਿਚ ਲਿਖ ਕੇ ਦੇ ਗਏ ਕਿ ਉਹ ਬਦਲੀ ਹੋਣ ਕਾਰਣ ਅੰਮ੍ਰਿਤਸਰ ਜਾ ਰਹੇ ਹਨ । ਅਦਾਲਤ ਨੂੰ ਕੋਈ ਅਧਿਕਾਰ ਹੀ ਨਾ ਰਿਹਾ ਕਿ ਉਹ



Sri Satguru Jagjit Singh Ji eLibrary NamdhariElibrary@gmail.com

ਅੰਮ੍ਰਿਤਸਰ ਵਾਸੀ, ਪਰ ਸ੍ਰੀ ਨਨਕਾਣਾ ਸਾਹਿਬ ਕੇਸ ਚਲਾਵੇ । ਬਹਿਸ ਹੋਈ ਤਾਂ ਪਤਾ ਲੱਗਾ ਕਿ ਮੈਨੇਜਰ ਤਾਂ ਅੰਮ੍ਰਿਤਸਰ ਰਹਿੰਦਾ ਹੈ ਅਤੇ ਬਾਕੀ ਦੋਸ਼ੀਆਂ ਦੇ ਨਾਮ-ਪਤੇ ਮਹੰਤ ਦੱਸ ਨਹੀਂ ਸਕਦਾ । ਸੋ ਕੇਸ ਖਾਰਜ ਹੋ ਗਿਆ ਤੇ ਮੈਨੇਜਰ ਫਿਰ ਵਾਪਸ ਆਪਣੀ ਡਿਊਟੀ 'ਤੇ ਆ ਗਿਆ।

## ਉਨੱਤੀ ਦੇ ਰਾਹ ਤੇ

ਇਸ ਤਰ੍ਹਾਂ ਦੀਆਂ ਅਨੇਕਾਂ ਘਟਨਾਵਾਂ ਹੋਈਆਂ ਪਰ ਅਕਾਲੀਆ ਨੇ ਹਿੰਮਤ ਨਾ ਹਾਰੀ ਅਤੇ ਨਿਰੰਕਾਰੀ ਬਾਬਾ ਨਾਨਕ ਦੀ ਜਨਮ-ਭੂਮੀ ਨੂੰ ਖੂਬ ਸੰਵਾਰਿਆ ਅਤੇ ਇਸ ਸਮੇਂ ਵਿਚ 310 ਏਕੜ ਜ਼ਮੀਨ ਵਿਚ ਪੰਜ ਬਾਗ ਲਗਵਾਏ ਜਿਨ੍ਹਾਂ ਵਿਚ ਮੌਸਮ ਦਾ ਹਰ ਫਲ ਮਿਲਦਾ ਸੀ । ਮਾਲਟਾ, ਸੰਗਤਰਾ, ਮਿੱਠਾ, ਨਿੰਬੂ, ਗਰੇ ਫਰੂਟ, ਅਮਰੂਦ, ਅੰਬ, ਆੜੂ, ਅੰਜੀਰ, ਸੇਬ, ਬੇਰ, ਖਜੂਰ, ਜਾਮਨ ਤੇ ਸਤੂਤ ਵੀ । ਹਰ ਸਾਲ ਗੁਰਦੁਆਰਾ ਸਾਹਿਬ ਦੀ ਸਾਲਾਨਾ ਆਮਦਨੀ ਵਧਣ ਲੱਗ ਗਈ ।

ਪਾਕਿਸਤਾਨ ਬਣਨ ਤੋਂ ਕਰੀਬ ਸਾਲ ਡੇਢ ਸਾਲ ਪਹਿਲਾਂ ਇਹ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਅਧੀਨ ਆ ਗਿਆ । ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਬਹੁਤਾ ਸੁੰਦਰ ਨਹੀਂ ਬਣਿਆ ਹੋਇਆ ਸੀ ਅਤੇ ਸਿੱਖ ਜਗਤ ਦੇ ਆਗੂ ਇਸ ਅਸਥਾਨ ਨੂੰ ਅਦੁੱਤੀ ਬਨਾਉਣਾ ਚਾਹੁੰਦੇ ਸਨ । ਜੈਪੁਰ ਤੋਂ ਇਕ ਬਹੁਤ ਹੀ ਉੱਚ ਕੋਟੀ ਦੇ ਮਾਹਿਰ ਪਾਸੋਂ ਇਕ ਨਵੀਂ ਸੁੰਦਰ ਬਿਲਡਿੰਗ ਦਾ ਨਕਸ਼ਾ ਬਣਵਾਇਆ ਗਿਆ । ਪਰ ਪਰਮਾਤਮਾ ਨੂੰ ਹਾਲੇ ਇਹ ਮਨਜ਼ੂਰ ਨਹੀ ਸੀ । ਉਸੇ ਸਾਲ ਹੀ ਪਾਕਿਸਤਾਨ ਬਣ ਗਿਆ ਅਤੇ ਸਾਰੇ ਸਿੱਖ ਉਸ ਪਵਿੱਤਰ ਧਰਤੀ ਤੋਂ ਵਾਂਝੇ ਰਹਿ ਗਏ ।

## ਪਾਕਿਸਤਾਨ ਸਰਕਾਰ ਦੇ ਕੌਲ

ਸੰਨ 1947 ਤੋਂ ਸਿੱਖ ਪਾਕਿਸਤਾਨ ਵਿਚ ਰਹਿ ਗਏ ਆਪਣੇ ਪਿਆਰੇ ਗੁਰਦੁਆਰਿਆਂ ਤੋਂ ਵਿਛੁੜੇ ਹੋਏ ਹਨ । ਹਰ ਸਿੱਖ ਸਵੇਰੇ-ਸ਼ਾਮ ਅਰਦਾਸ ਵਿਚ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ-ਦੀਦਾਰ ਕਰਨ ਲਈ ਅਰਜੋਈ ਕਰਦਾ ਆ ਰਿਹਾ ਹੈ । ਹਰ ਸਿੱਖ ਅਰਦਾਸ ਵਿਚ-

" ਤੇਰੇ ਭਾਣੇ ਸਰਬੱਤ ਦਾ ਭਲਾ"

ਦੀ ਲੋਚਾ ਕਰਦਾ ਹੈ । ਇਸ ਵਿਚ ਆਪਣੇ ਭਲੇ ਦੇ ਨਾਲ-ਨਾਲ ਵੈਰੀ ਦਾ ਵੀ ਭਲਾ ਮੰਗਦਾ ਹੈ । ਪਿੱਛੇ ਜਿਹੇ ਪਾਕਿਸਤਾਨ ਸਰਕਾਰ ਨੇ ਸਿੱਖਾਂ ਨੂੰ ਆਪਣੇ ਗੁਰਧਾਮਾਂ ਦੇ ਦਰਸ਼ਨ ਕਰਨ ਲਈ ਕੁਝ ਰਿਆਇਤਾਂ ਦਿੱਤੀਆਂ ਸਨ ਅਤੇ ਗੁਰਪੁਰਬਾਂ ਦੇ ਸਮੇਂ ਤੋਂ ਅੱਗੇ ਪਿੱਛੇ ਭੀ ਸਿੱਖ ਜਥੇ ਪਾਕਿਸਤਾਨ ਜਾ ਸਕਦੇ ਹਨ । ਹੁਣ ਸਾਡੀਆਂ ਅਰਦਾਸਾਂ ਰਾਹੀਂ ਵਾਹਿਗੁਰੂ ਸਾਡੇ ਉਤੇ ਹੋਰ ਬਖਸ਼ਿਸ਼ ਮਿਹਰ ਤੇ ਨਦਰਿ ਕਰਨ ਵਾਲੇ ਜਾਪਦੇ ਹਨ ।

ਸੰਸਾਰ ਭਰ ਵਿਚੋਂ ਚੋਣਵੇਂ ਸਿੱਖਾਂ ਦਾ ਪ੍ਰਤੀਨਿਧ-ਮੰਡਲ ਅਕਤੂਬਰ 1979 ਸ਼ੁਰੂ ਵਿਚ ਪਾਕਿਸਤਾਨ ਵਿਚ ਰਹਿ ਗਏ ਗੁਰਦੁਆਰਿਆਂ ਦੇ ਦਰਸ਼ਨ ਕਰਨ ਲਈ ਪਾਕਿਸਤਾਨ ਗਿਆ ਸੀ, ਜਿਥੇ ਉਹ ਕਈ ਦਿਨ ਰਿਹਾ ।

ਇਸ ਜਥੇ ਵਿਚ ਸ. ਗੰਗਾ ਸਿੰਘ ਢਿਲੋਂ (ਅਮਰੀਕਾ) ਤੇ ਉਸ ਦੀ ਸੁਪਤਨੀ ਬੀਬੀ ਗੁਰਪਾਲ ਕੌਰ, ਸ. ਗੁਰਬਚਨ ਸਿੰਘ ਗਿੱਲ (ਇੰਗਲੈਂਡ) ਸ. ਨਰਿੰਦਰ ਸਿੰਘ ਸੇਠੀ (ਜਾਪਾਨ) ਸ. ਮੇਹਰਬਾਨ ਸਿੰਘ (ਸਿੰਘਾਪੁਰ) ਤੇ ਉਸ ਦੀ ਸੁਪਤਨੀ ਬੀਬੀ ਬਹਾਦੁਰ ਕੌਰ ਅਤੇ ਸ. ਨਾਰਾਇਣ ਸਿੰਘ ਪਿਛਲੇ ਮੈਨੇਜਰ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਸ਼ਾਮਿਲ ਸਨ । ਪਾਕਿਸਤਾਨ ਵਿਚ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਸਿੱਖਾਂ ਦੇ ਪ੍ਰਤੀਨਿਧੀਆਂ ਨੂੰ



Sri Satguru Jagjit Singh Ji eLibrary NamdhariElibrary@gmail.com

ਸੌਂਪਣ ਲਈ ਸ. ਗੰਗਾ ਸਿੰਘ, ਪ੍ਰਧਾਨ ਸ੍ਰੀ ਨਨਕਾਣਾ ਸਾਹਿਬ ਫਾਊਂਡੇਸ਼ਨ ਨੇ ਇਕ ਕਿਤਾਬਚਾ-

'ਜਨਮ ਅਸਥਾਨ ਕਲ੍ਹ, ਅੱਜ ਤੇ ਭਲਕੇ'

ਲਿਖਿਆ ਹੈ ਜਿਸ ਦਾ ਉਦੇਸ਼ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਜਨਮ-ਅਸਥਾਨ ਨੂੰ ਸਤਿਕਾਰਯੋਗ ਸਥਾਨ ਦਿਵਾਉਣਾ ਹੈ । ਸਿੱਖ ਪ੍ਰਤੀਨਿਧ ਮੰਡਲ ਦੀ ਮੀਟਿੰਗ ਪਾਕਿਸਤਾਨ ਦੇ ਉਸ ਸਮੇਂ ਦੇ ਰਾਸ਼ਟਰਪਤੀ ਜਨਰਲ ਜ਼ਿਆ-ਉਲ-ਹੱਕ ਨਾਲ ਹੋਈ ਜਿਸ ਵਿਚ ਇਸ ਗੱਲ 'ਤੇ ਭਾਰੀ ਜ਼ੋਰ ਦਿੱਤਾ ਗਿਆ ਕਿ ਸ੍ਰੀ ਨਨਕਾਣਾ ਸਾਹਿਬ ਨੂੰ ਵੈਟੀਕਨ ਸ਼ਹਿਰ ਦਾ ਦਰਜਾ ਦਿੱਤਾ ਜਾਵੇ, ਪਰ ਇਹ ਮੰਗ ਪਾਕਿਸਤਾਨ ਸਰਕਾਰ ਨੇ ਪ੍ਰਵਾਨ ਨਹੀਂ ਕੀਤੀ । ਹੋਰ ਜੋ ਸੁਝਾਅ ਦਿੱਤੇ ਗਏ ਸਨ, ਉਹ ਨਿਮਨ-ਲਿਖਤ ਸਨ :-

1. ਪਾਕਿਸਤਨ ਦੇ ਗੁਰਦੁਆਰਿਆਂ ਦਾ ਪ੍ਰਬੰਧ ਅੰਤਰ ਰਾਸ਼ਟਰੀ ਸਿੱਖਾਂ ਦੀ 11 ਜਾਂ ਘੱਟ-ਵੱਧ ਮੈਂਬਰਾਂ ਦੀ ਇਕ ਕਾਰਪੋਰੇਸ਼ਨ ਨੂੰ ਸੌਂਪ ਦਿੱਤਾ ਜਾਵੇ, ਜਿਸ ਦਾ ਨਾਂ ਭਾਵੇਂ ਪਾਕਿਸਤਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖ ਦਿੱਤਾ ਜਾਵੇ । ਇਸਦਾ ਮੁੱਖ ਦਫਤਰ ਸ੍ਰੀ ਨਨਕਾਣਾ ਸਾਹਿਬ ਵਿਚ ਰੱਖਿਆ ਜਾਵੇ ਤੇ ਸਬ-ਆਫਿਸ ਵਸ਼ਿੰਗਟਨ (ਅਮਰੀਕਾ) ਜਾਂ ਕਿਸੇ ਹੋਰ ਥਾਂ ਰੱਖਿਆ ਜਾਵੇ ।

2. ਇਸ ਕਾਰਪੋਰੇਸ਼ਨ ਜਾਂ ਕਮੇਟੀ ਦਾ ਪ੍ਰਬੰਧ ਚਲਾਉਣ ਲਈ ਪਾਕਿਸਤਾਨ ਵਿਚ ਰਹਿ ਗਏ ਗੁਰਦੁਆਰਿਆਂ ਨਾਲ ਸੰਬੰਧਤ ਜ਼ਮੀਨਾਂ, ਜਾਗੀਰਾਂ ਆਦਿ ਦੀ ਆਮਦਨ ਦਿੱਤੀ ਜਾਵੇ ਸਦਭਾਵਨਾ ਵਜੋਂ ਪਾਕਿਸਤਾਨ ਸਰਕਾਰ ਵੱਲੋਂ ਇਸ ਨੂੰ ਯੋਗ ਗਰਾਂਟ ਦਿੱਤੀ ਜਾਵੇ । ਸ੍ਰੀ ਨਨਕਾਣਾ ਸਾਹਿਬ ਗੁਰਦੁਆਰੇ ਨਾਲ ਸੰਬੰਧਤ ਜੋ ਕੁੱਲ ਜ਼ਮੀਨ-ਜਾਈਦਾਦ ਜਾਂ ਜਾਗੀਰ ਦੂਰ ਦੁਰਾਡੇ ਹੈ, ਉਹ ਤਬਦੀਲ ਕਰਕੇ ਗੁਰਦੁਆਰਿਆਂ ਦੇ ਲਾਗੇ ਲਿਆਂਦੀ ਜਾਵੇ । ਇਹਨਾਂ ਗੁਰਦੁਆਰਿਆਂ ਦੀ ਮਾਇਕ ਪੂੰਜੀ, ਸੰਨ 1947 ਤੋਂ ਲੈ ਕੇ ਹੁਣ ਤਕ ਦੇ ਪੈਸੇ ਇਸ ਕਮੇਟੀ ਦੇ ਹਵਾਲੇ ਕੀਤੇ ਜਾਣ ।

3. ਸੰਸਾਰ ਭਰ ਦੇ ਜਜ਼ਬਾਤ ਅਤੇ ਪਾਕਿਸਤਾਨੀ ਸ਼ਹਿਰੀਆਂ ਦੇ ਭਲੇ ਲਈ ਇਕ ਉਚ-ਪੱਧਰ ਦਾ ਗੁਰੂ ਨਾਨਕ ਹਸਪਤਾਲ ਬਣਾਇਆ ਜਾਵੇ ਜਿਥੇ ਖੋਜ ਦਾ ਪ੍ਰਬੰਧ ਵੀ ਹੋਵੇ।

4. ਸ੍ਰੀ ਨਨਕਾਣਾ ਸਾਹਿਬ ਵਿਖੇ ਗੁਰਬਾਣੀ ਅਤੇ ਸ਼ਬਦ-ਕੀਰਤਨ ਨੂੰ ਸੰਸਾਰ ਭਰ ਦੇ ਸ਼ਬਦ ਰਸੀਆਂ ਨੂੰ ਸੁਣਾਉਣ ਲਈ ਇਕ ਸ਼ਕਤੀਸ਼ਾਲੀ ਰੇਡੀਓ ਟਰਾਂਸਮੀਟਰ ਲਗਾਉਣ ਲਈ ਪਾਕਿਸਤਾਨ ਸਰਕਾਰ ਯੋਗ ਸਹਾਇਤਾ ਦੇਵੇ ।

5. ਗੁਰਦੁਆਰਾ ਜਨਮ-ਅਸਥਾਨ ਦੀ ਨਵੀਂ ਇਮਾਰਤ (ਜਿਸ ਦਾ ਨਕਸ਼ਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਪਾਕਿਸਤਾਨ ਸਰਕਾਰ ਨੂੰ ਭੇਜਿਆ ਹੋਇਆ ਹੈ), ਬਣਾਉਣ ਲਈ ਵੀ ਪਾਕਿਸਤਾਨ ਸਰਕਾਰ ਯੋਗ ਸਹਾਇਤਾ ਦੇਵੇ ।

6. ਸਿੱਖ ਯਾਤਰੀਆਂ ਨੂੰ ਪਾਕਿਸਤਾਨ ਵਿਚ, ਗੁਰਧਾਮਾਂ ਦੀ ਯਾਤਰਾ ਲਈ ਵੱਧ ਤੋਂ ਵੱਧ ਸਹੂਲਤਾਂ ਦਿੱਤੀਆਂ ਜਾਣ ਅਤੇ ਕਿਸੇ ਵੀ ਪਰਕਾਰ ਦੀ ਕੋਈ ਪਾਬੰਦੀ ਨਾ ਲਾਈ ਜਾਵੇ ।

ਸਮੇਂ ਸਮੇਂ ਸਿਰ ਹੋਰ ਸੁਝਾਓ ਵੀ ਦਿੱਤੇ ਗਏ ਸਨ ਅਤੇ ਪਾਕਿਸਤਾਨ ਸਰਕਾਰ ਦਾ ਵਤੀਰਾ ਕਾਫੀ ਬਦਲਿਆ ਹੋਇਆ ਜਾਪਦਾ ਸੀ । ਵੀਜ਼ੇ ਆਦਿ ਦੀਆਂ ਸ਼ਰਤਾਂ ਕਾਫੀ ਨਰਮ ਹੋ ਚੁਕੀਆਂ ਸਨ । ਹੁਣ ਯਾਤਰੀ ਇਕ ਸਮੇਂ 10 ਦਿਨ ਸ੍ਰੀ ਨਨਕਾਣਾ ਸਾਹਿਬ, ਸ੍ਰੀ ਪੰਜਾ ਸਾਹਿਬ ਅਤੇ ਸ੍ਰੀ ਡੇਰਾ ਸਾਹਿਬ ਆਦਿ ਗੁਰਦੁਆਰਿਆਂ ਦੇ ਖੁੱਲ੍ਹੇ ਦਰਸ਼ਨ-ਦੀਦਾਰ ਕਰ ਸਕਦੇ ਸਨ । ਪਰ ਅੱਜ ਕੱਲ ਦੇ ਵਿਗੜੇ ਹਾਲਾਤ ਕਾਰਨ ਯਾਤਰਾ ਲਈ ਜੱਥੇ ਜਾਣੇ ਬੰਦ ਹੋਏ ਹਨ ।



Sri Satguru Jagjit Singh Ji eLibrary NamdhariElibrary@gmail.com

# ਸੂਚਨਾਵਾਂ

1. ਮਿਤੀ 11-2-2000 ਨੂੰ ਲਾਇਬ੍ਰੇਰੀ ਮਿਊਜ਼ੀਅਮ ਉਪ ਕਮੇਟੀ ਦੀ ਪਹਿਲੀ ਇਕੱਤ੍ਰਤਾ ਗੁਰਦਵਾਰਾ ਸਾਹਿਬ ਵਿੱਚ ਸ੍ਰ: ਜਤਿੰਦਰ ਸਿੰਘ ਸੰਧੂ ਕਨਵੀਨਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸਰਬ ਸੰਮਤੀ ਨਾਲ ਫੈਸਲੇ ਲਏ ਗਏ। ਪੁਸਤਕਾਂ ਰਖਣ ਲਈ ਨਵੀਆਂ ਅਲਮਾਰੀਆਂ ਅਤੇ ਹਾਲ ਦੀ ਘੜੀ ਦਸ ਹਜਾਰ ਰੁਪਏ ਦੀਆਂ ਪੁਸਤਕਾਂ ਆਦਿ ਖਰੀਦੀਆਂ ਜਾਣਗੀਆਂ। ਸੰਤ ਮੈਗਜ਼ੀਨ, ਸਪੋਕਸਮੈਨ ਪੰਜਾਬੀ ਸਿੱਖ ਰੀਵੀਊ, ਸੱਚਖੰਡ ਪੱਤ੍ਰਕਾ, ਖਾਲਸਾ ਸਮਾਚਾਰ, ਸੂਰਾ ਤੇ ਗੁਰਮਤਿ ਪ੍ਰਕਾਸ ਸਾਲ ਭਰ ਮੰਗਵਾਏ ਜਾਣਗੇ। ਅਖਬਾਰ ਅਜੀਤ, ਤੇ ਟ੍ਰੀਬੀਊਨ ਰੋਜਾਨਾ ਪੜ੍ਹਨ ਲਈ ਖਰੀਦੇ ਜਾਇਆ ਕਰਨਗੇ। ਲਾਇਬ੍ਰੇਰੀ ਖੁਲਣ ਦਾ ਸਮਾਂ ਸ਼ਾਮ ਨੂੰ ਦੋ ਘੰਟੇ ਲਈ ਹੋਵੇਗਾ ਯਤਨ ਕੀਤੇ ਜਾਣਗੇ ਕਿ ਲਾਇਬ੍ਰੇਰੀ ਸਵੇਰ ਦੇ ਸਮੇਂ ਭੀ ਖੋਲ੍ਹੀ ਜਾਵੇ। ਬਾਕੀ ਫੈਸਲਿਆਂ ਵਿੱਚ ਖਰਾਬ ਹੋ ਗਈਆਂ ਪੁਸਤਕਾਂ ਦੀ ਲੋੜ ਅਨੁਸਾਰ ਜਿਲਦ ਬੰਦੀ ਕਰਨਾ ਭੀ ਸ਼ਾਮਲ ਹੈ। ਅਜਾਇਬ ਘਰ ਦੀ ਸਥਾਪਨਾ ਲਈ ਯੋਗ ਵਿਅਕਤੀਆਂ ਨਾਲ ਸਲਾਹ ਮਸ਼ਵਰਾ ਕੀਤਾ ਜਾਵੇਗਾ ਤੇ ਬਿਲਡਿੰਗ ਬਣਦੇ ਸਾਰ ਇਸ ਦੀ ਸਥਾਪਨਾ ਕਰ ਦਿੱਤੀ ਜਾਵੇਗੀ।

2. ਸਭਾ ਦੇ ਵਿਧਾਨ ਅਨੁਸਾਰ, ਮੈਂਬਰ ਬਨਣ ਲਈ ਚਾਹਵਾਨ ਨੀਯਤ ਮੈਂਬਰ ਸਿਪ ਫਾਰਮ ਭਰ ਕੇ ਪ੍ਰਧਾਨ, ਸਕੱਤ੍ਰ ਯਾ ਖਜਾਨਚੀ ਨੂੰ ਚੰਦੇ ਸਮੇਤ ਆਪ ਦੇਣ ਦਾ ਜੁਮੇਵਾਰ ਹੈ ਤੇ ਰਸੀਦ ਲਵੇਗਾ। ਗੁਰਦਵਾਰਾ ਸਾਹਿਬ ਦੇ ਮੈਨੇਜਰ ਨਾਲ ਸੰਪਰਕ ਕੀਤਾ ਜਾਵੇ। ਜੋ ਮੈਂਬਰ ਪਹਿਲਾਂ ਚਲਿਆ ਆ ਰਿਹਾ ਹੈ ਉਸ ਨੂੰ ਦੁਬਾਰਾ ਫਾਰਮ ਭਰਨ ਦੀ ਲੋੜ ਨਹੀ ਹੈ ਜੇਕਰ ਉਹ ਆਪਣਾ ਚੰਦਾ 31 ਮਾਰਚ 2000 ਤੱਕ ਪ੍ਰਧਾਨ, ਸਕੱਤ੍ਰ ਯਾ ਖਜਾਨਚੀ ਪਾਸ ਜਮ੍ਹਾਂ ਕਰਵਾ ਕੇ ਰਸੀਦ ਲੈ ਲਵੇ। ਮਿਤੀ 31 ਮਾਰਚ 2000 ਤੋਂ ਬਾਅਦ ਬਨਣ ਵਾਲੇ ਮੈਂਬਰ ਨੂੰ ਨੀਯਤ ਫਾਰਮ ਭਰ ਕੇ ਦੇਣਾ ਜ਼ਰੂਰੀ ਹੋਵੇਗਾਂ।

# ਵਿਸ਼ੇਸ਼ ਸਮਾਚਾਰ

1. ਸ੍ਰੀ ਗੁਰੂ ਸਿੰਘ ਸਭਾ (ਰਜਿ:) ਦੇ ਮੈਂਬਰਾਂ ਦੀ ਇਕੱਤਰਤਾ ਹਰ ਸਾਲ ਵਾਂਗ ਮਿਤੀ 9-4-2000 ਦਿਨ ਐਤਵਾਰ ਸਵੇਰੇ 9 ਵਜੇ ਗੁਰਦਵਾਰਾ ਸਾਹਿਬ ਵਿਚ ਹੋ ਰਹੀ ਹੈ। ਏਜੰਡਾ ਨੋਟਿਸ ਬੋਰਡ ਤੇ ਲਗਾ ਦਿਤਾ ਜਾਵੇਗਾ। ਸਾਰੇ ਮੈਂਬਰਾਂ ਅਗੇ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਹੁਮ ਹੁਮਾ ਕੇ ਸਮੇਂ ਸਿਰ ਪੁਜਣ ਤੇ ਆਪਣੇ ਬਹੁ-ਮੁਲੇ ਵਿਚਾਰ ਰਖਣ ਤਾਂ ਜੋ ਪ੍ਰਬੰਧਕ ਗੁਰਦਵਾਰਾ ਸਾਹਿਬ ਵਿਚ ਹੋ ਰਹੇ ਕਾਰਜਾਂ ਨੂੰ ਹੋਰ ਸੁਚੱਗੇ ਢੰਗ ਨਾਲ ਨੇਪਰੇ ਚਾੜ ਸਕਣ।

Sri Satguru Jagjit Singh Ji eLibrary NamdhariElibrary@gmail.com

# ਸਿਖਿਆ ਦਾਇਕ ਬਚਨ

1. ਸ਼ੇਰ ਦਾ ਬੱਚਾ ਗਿੱਦੜ ਦੇ ਅਗੇ ਨਹੀਂ ਝੁਕਦਾ, ਪਰ ਭੇਖੀ ਸਿੱਖ ਡੰਮੀ ਗੁਰੂ ਦੇ ਪੈਰਾਂ ਉਤੇ ਝੱਟ ਲੇਟ ਜਾਂਦਾ ਹੈ।

2. ਜਿਸ ਨੂੰ ਰੱਬ ਰੱਖੇ ਉਸ ਨੂੰ ਕੋਈ ਮਾਰ ਨਹੀਂ ਸਕਦਾ ਅਤੇ ਜਿਸ ਨੂੰ ਰੱਬ ਮਾਰੇ ਉਸ ਨੂੰ ਕੋਈ ਬਚਾ ਨਹੀਂ ਸਕਦਾ।

3. ਨਿੰਦਾ ਕਰਨੀ ਕਿਸੇ ਦੀ ਵੀ ਭਲੀ ਨਹੀਂ ਪਰ ਮਨੁੱਖ ਆਪਣੇ ਆਪ ਦੀ ਜਿੰਨੀ ਵੀ ਕਰੇ, ਉਸ ਦੇ ਪਾਪ ਘਟਦੇ ਹਨ।

4. ਰੱਬ ਦਾ ਭਾਣਾ ਮੰਨਣ ਵਾਲਾ ਸੁੱਖ ਦੀ ਨੀਂਦੇ ਰਾਤ ਕੱਟਦਾ ਹੈ ਅਤੇ ਆਪਣੇ ਭਾਣੇ ਵਿਚ ਤੁਰਨ ਵਾਲਾ ਬੇਚੈਨੀ ਵਿਚ।

5. ਜਿਹੜਾ ਮਨੁੱਖ ਆਪਣਾ ਆਦਰ ਕਰਾਉਣ ਲਈ ਭਟਕਦਾ ਫਿਰੇ, ਉਹ ਕਦੇ ਵੀ ਨਿਰਾਦਰੀ ਤੋਂ ਨਹੀਂ ਬਚ ਸਕਦਾ।

6. ਜਿਸ ਬੰਦੇ ਦੇ ਮਨ ਵਿਚ ਗੁਰਦਵਾਰੇ ਬੈਠਿਆਂ ਵੀ ਪਾਪ ਫੁਰੇ, ਉਸ ਦੇ ਬਖਸ਼ੇ ਜਾਣ ਲਈ ਕੋਈ ਥਾਂ ਨਹੀਂ ਰਹਿੰਦੀ।

7. ਟੇਕ ਹਮੇਸ਼ਾਂ ਅਕਾਲ ਪੁਰਖ ਦੀ ਰਖਣੀ ਚਾਹੀਦੀ ਹੈ, ਮਨੁੱਖ ਦੀ ਟੇਕ, ਰੱਬ ਤੋਂ ਬੇਮੁੱਖ ਕਰਦੀ ਹੈ।

8. ਭੇਖੀ ਉਹ ਹੈ ਜਿਸ ਦਾ ਲਿਬਾਸ ਉਜੱਲ ਤੇ ਮਨ ਮੈਲਾ ਹੈ ਅਤੇ ਸੰਤ ਉਹ ਹੈ ਜਿਸ ਦਾ ਮਨ ਪਵਿੱਤ੍ਰ ਤੇ ਲਿਬਾਸ ਸਾਦਾ।

9. ਜੋ ਰੱਬ ਦਾ ਮੰਗਤਾ ਹੈ ਉਹ ਕਦੇ ਭੁਖਾ ਨਹੀਂ ਰਹਿੰਦਾ, ਤੇ ਜੋ ਮਨੁੱਖਾਂ ਦਾ ਮੰਗਤਾ ਹੈ ਉਹ ਕਦੇ ਤ੍ਰਿਪਤ ਨਹੀਂ ਨਹੀਂ ਹੁੰਦਾ।

10. ਧਰਮ ਦੇ ਬਾਣੇ ਵਿਚ ਪਾਖੰਡ ਕਰਨ ਵਾਲੇ ਮਨੁੱਖ ਤੋਂ ਕਈ ਗੁਣਾਂ ਵੇਸਵਾ ਚੰਗੀ ਹੈ ਜੋ ਅੰਦਰੋਂ ਬਾਹਰੋਂ ਇਕ ਹੈ।

11. ਨਿੰਮ੍ਰਤਾ ਵਾਲਾ ਗੁਰਸਿੱਖ ਹਮੇਸ਼ਾਂ ਆਪਣਾ ਆਪ ਲੁਕਾ ਕੇ ਪ੍ਰਸੰਨ ਰਹਿੰਦਾ ਹੈ ਅਤੇ ਹੰਕਾਰੀ ਆਪਣਾ ਆਪ ਜਿਤਾ ਕੇ।

12. ਸਹੀ ਦਾਨ ਉਹ ਹੈ ਜੋ ਹੰਕਾਰ ਤੋਂ ਰਹਿਤ ਹੋ ਕੇ ਕੀਤਾ ਜਾਵੇ ਅਤੇ ਸਚੀ ਸੇਵਾ ਉਹ ਹੈ ਜਿਸ ਵਿਚ ਵਿਖਾਵਾ ਨਾ ਹੋਵੇ।

# ਸ੍ਰੀ ਗੁਰੂ ਗ੍ਰੰਥ ਸਾਹਿਬ

"ਪੰਜਾਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਹਿੰਦੂਆਂ ਨੂੰ ਰੂਹਾਨੀ ਭੁੱਖਮਰੀ ਤੋਂ ਬਚਾਇਆ ਹੈ ਅਤੇ ਉਨ੍ਹਾਂ ਨੂੰ ਅਪਣਾ ਧਰਮ ਛੱਡ ਕੇ ਇਕ ਹੋਰ ਐਸੇ ਧਰਮ ਵਿੱਚ ਜਾਣ ਤੋਂ ਵੀ ਬਚਾ ਲਿਆ ਹੈ ਜਿਸ ਧਰਮ ਵਿੱਚ ਪਰਵੇਸ਼ ਕਰਨ ਤੋਂ ਮਗਰੋਂ ਉਨ੍ਹਾਂ ਦੇ ਮੁੜ ਹਿੰਦੂ ਧਰਮ ਵਿੱਚ ਆਉਣ ਦੀ ਕੋਈ ਆਸ ਨਹੀਂ ਸੀ।"

(ਡਾ: ਗੋਕਲ ਚੰਦ ਨਾਰੰਗ)

Walbro Printers #404675, 403177

Sri Satguru Jagjit Singh Ji eLibrary NamdhariElibrary@gmail.com